ਜਿਲਦ: 01, ਅੰਕ: 20

16-30 ਅਪ੍ਰੈਲ 2021, ਮੁਫ਼ਤ

# ਨਿਊ ਇੰਡੀਆ ਸਮਾਚਾਰ




ਪੰਚਾਇਤੀ ਰਾਜ ਦਿਵਸ 'ਤੇ ਵਿਸ਼ੇਸ਼


**ਸਾਡੀ ਸਸ਼ਕਤ - ਪਾਰਦਰਸ਼ੀ ਪੰਚਾਇਤੀ ਰਾਜ ਵਿਵਸਥਾ**

ਪੰਨਾ: 6-7

## ਨੈਸ਼ਨਲ ਟੈਸਟਿੰਗ ਏਜੰਸੀ

# ਸਮਰੱਥਾ ਦੀ ਸਹੀ ਪਹਿਚਾਣ

**ਉੱਚ ਵਿੱਦਿਅਕ ਅਦਾਰਿਆਂ 'ਚ ਦਾਖ਼ਲੇ ਲਈ ਸਿਰਫ਼ ਸਿਧਾਂਤਕ ਨਹੀਂ ਬੌਧਿਕ ਸਮਰੱਥਾ ਪਰਖਣ ਦੀ ਸ਼ੁਰੂਆਤ ਦੀ ਕਹਾਣੀ**




- ਕੋਰੋਨਾ ਕਾਲ ਦੇ ਕਠਿਨ ਸਮੇਂ ਦੇ ਬਾਅਦ ਇੱਕ ਵਾਰ ਫਿਰ ਪਰੀਖਿਆਵਾਂ ਦਾ ਦੌਰ ਹੈ। ਵਿਦਿਆਰਥੀ ਅਕਸਰ ਇਸ ਸਮੇਂ ਬਹੁਤ ਤਣਾਅ ਮਹਿਸੂਸ ਕਰਦੇ ਹਨ। ਲੇਕਿਨ ਜੇ, ਪੜ੍ਹਾਈ ਸਿਰਫ਼ ਪਰੀਖਿਆ ਲਈ ਨਾ ਹੋ ਕੇ ਕੁਝ ਨਵਾਂ ਸਿੱਖਣ ਲਈ ਹੋਵੇ ਤਾਂ ਫਿਰ ਤਣਾਅ ਖ਼ਤਮ ਹੋ ਜਾਂਦਾ ਹੈ।
- ਇਸੇ ਸੋਚ ਨੂੰ ਸਾਕਾਰ ਕਰਦੀ ਹੈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਕਿਤਾਬ 'ਇਗਜ਼ਾਮ ਵਾਰੀਅਰਸ' , ਜਿਸ ਦਾ ਨਵਾਂ ਸੰਸਕਰਣ ਆ ਚੁੱਕਿਆ ਹੈ। ਨਮੋ ਐਪ ਨਾਲ ਐਮੇਜ਼ੋਨ ਉੱਤੇ ਵੀ ਇਹ ਕਿਤਾਬ ਉਪਲਬਧ ਹੈ। ਇਸ ਤੋਂ ਇਲਾਵਾ ਇਸ ਦਾ ਕਿੰਡਲ ਸੰਸਕਰਣ ਵੀ ਜਾਰੀ ਕੀਤਾ ਗਿਆ ਹੈ।
- ਇਸ ਵਾਰ ਇਸ ਪੁਸਤਕ ਨੂੰ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਤੋਂ ਪ੍ਰਾਪਤ ਵਡਮੁੱਲੇ ਇਨਪੁਟ ਨਾਲ ਭਰਪੂਰ ਬਣਾਇਆ ਗਿਆ ਹੈ। ਨਵੇਂ ਭਾਗਾਂ ਨੂੰ ਜੋੜਿਆ ਗਿਆ ਹੈ, ਜੋ ਖ਼ਾਸ ਤੌਰ 'ਤੇ ਮਾਤਾ-ਪਿਤਾ ਅਤੇ ਅਧਿਆਪਕਾਂ ਲਈ ਦਿਲਚਸਪ ਹੋਣਗੇ। ਪੁਸਤਕ ਵਿੱਚ ਨਵੇਂ ਮੰਤਰ ਤੇ ਕਈ ਦਿਲਚਸਪ ਗਤੀਵਿਧੀਆਂ ਹਨ। ਪਰੀਖਿਆ ਤੋਂ ਪਹਿਲਾਂ ਇਹ ਪੁਸਤਕ ਤਣਾਅ ਮੁਕਤ ਰਹਿਣ ਦੀ ਜ਼ਰੂਰਤ ਉੱਤੇ ਜ਼ੋਰ ਦਿੰਦੀ ਹੈ।


## ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਟਵੀਟ ਦੇ ਜ਼ਰੀਏ ਕਿਹਾ...

*'ਇਗਜ਼ਾਮ ਵਾਰੀਅਰਸ ਦੇ ਇਸ ਸੰਸਕਰਣ ਵਿੱਚ ਨਵੇਂ ਮੰਤਰ ਅਤੇ ਕਈ ਦਿਲਚਸਪ ਐਕਟੀਵਿਟੀਜ਼ ਹਨ। ਇਹ ਕਿਤਾਬ ਪਰੀਖਿਆ ਤੋਂ ਪਹਿਲਾਂ ਤਣਾਅਮੁਕਤ ਰੱਖਣ 'ਚ ਮਦਦ ਕਰਦੀ ਹੈ।'*

"

ਪਰੀਖਿਆ ਨੂੰ ਚਿੰਤਾ ਨਹੀਂ, ਉਤਸਵ ਵਜੋਂ ਦੇਖਣਾ ਚਾਹੀਦਾ ਹੈ। ਸਾਨੂੰ ਅਸਫਲਤਾਵਾਂ ਨੂੰ ਨਾਕਾਮਯਾਬੀਆਂ ਦੇ ਤੌਰ 'ਤੇ ਨਹੀਂ ਦੇਖਣਾ ਚਾਹੀਦਾ। ਅਸਥਾਈ ਅਸਫਲਤਾ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਜੀਵਨ 'ਚ ਸਫਲ ਨਹੀਂ ਹੋ ਸਕਦੇ ਹਾਂ। ਦਰਅਸਲ, ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਬਿਹਤਰ ਆਉਣਾ ਹਾਲੇ ਬਾਕੀ ਹੈ। ਸਾਡਾ ਮੁਕਾਬਲਾ ਖ਼ੁਦ ਨਾਲ ਹੋਣਾ ਚਾਹੀਦਾ ਹੈ ਨਾ ਕਿ ਹੋਰਨਾਂ ਨਾਲ। ਸਾਰੀਆਂ ਚੁਣੌਤੀਆਂ ਨੂੰ ਜਿੱਤ ਕੇ ਪ੍ਰਕਾਸ਼ਿਤ ਹੋਵੋ, ਭਵਿੱਖ ਤੁਹਾਡੇ ਕਦਮਾਂ 'ਚ ਹੋਵੇਗਾ। ਆਓ ਮੁਸਕਾਨ ਨਾਲ ਤੇ ਬਿਨਾ ਫ਼ਿਕਰ ਦੇ ਅਸੀਂ ਪਰੀਖਿਆ 'ਚ ਸ਼ਾਮਲ ਹੋਈਏ।

-ਨਰੇਂਦਰ ਮੋਦੀ, ਪ੍ਰਧਾਨ ਮੰਤਰੀ






ਆਪਣੀ ਕਾਪੀ
ਅੱਜ ਹੀ ਬੁੱਕ ਕਰੋ

ਨਿਊ ਇੰਡੀਆ
# ਸਮਾਚਾਰ
ਜਿਲਦ: 01, ਅੰਕ: 20 | 16-30 ਅਪ੍ਰੈਲ 2021

**ਸੰਪਾਦਕ:**
**ਜੈਦੀਪ ਭਟਨਾਗਰ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਸਲਾਹਕਾਰ ਸੰਪਾਦਕ:
**ਸੰਤੋਸ਼ ਕੁਮਾਰ**
**ਵਿਨੋਦ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ:
**ਵਿਭੋਰ ਸ਼ਰਮਾ**

**ਪ੍ਰਕਾਸ਼ਕ ਅਤੇ ਪ੍ਰਿੰਟਰ:**
**ਸਤਯੇਂਦਰ ਪ੍ਰਕਾਸ਼**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਬੀਓਸੀ (ਬਿਊਰੋ ਆਵ੍ ਆਊਟਰੀਚ ਐਂਡ ਕਮਿਊਨੀਕੇਸ਼ਨ)

**ਪ੍ਰਿੰਟਿੰਗ:**
ਵਿਬਾ ਪ੍ਰੈੱਸ ਪ੍ਰਾਈਵੇਟ ਲਿਮਿਟਿਡ,
ਸੀ–66/3, ਓਖਲਾ ਫ਼ੇਜ਼–II,
ਓਖਲਾ ਇੰਡਸਟ੍ਰੀਅਲ ਏਰੀਆ,
ਨਵੀਂ ਦਿੱਲੀ

**ਸੰਪਰਕ:** ਬਿਊਰੋ ਆਵ੍ ਆਊਟਰੀਚ ਐਂਡ ਕਮਿਊਨੀਕੇਸ਼ਨ,
ਸੂਚਨਾ ਭਵਨ, ਦੂਸਰੀ ਮੰਜ਼ਿਲ,
ਨਵੀਂ ਦਿੱਲੀ–110003
**ਈਮੇਲ- response-nis@pib.gov.in**

**ਡਿਜ਼ਾਈਨਰ:**
ਸ਼ਿਆਮ ਸ਼ੰਕਰ ਤਿਵਾਰੀ

ਆਰ.ਐੱਨ.ਆਈ. ਨੰਬਰ
DELPUN/2020/78808


## ਅੰਦਰਲੇ ਪੰਨਿਆਂ ਉੱਤੇ...

## ਯੋਗਤਾ ਦੀ ਪਰੀਖਿਆ




**ਕਵਰ ਸਟੋਰੀ** | ਨੈਸ਼ਨਲ ਟੈਸਟਿੰਗ ਏਜੰਸੀ ਦੇ ਜ਼ਰੀਏ ਉੱਚ ਵਿੱਦਿਅਕ ਅਦਾਰਿਆਂ ਦੀਆਂ ਦਾਖ਼ਲਾ ਪਰੀਖਿਆਵਾਂ 'ਚ ਪਹਿਲੀ ਵਾਰ ਯੋਗਤਾ ਦੀ ਸਹੀ ਪਹਿਚਾਣ ਦੀ ਸ਼ੁਰੂਆਤ | ਪੰਨਾ 18-24

**ਫਲੈਗਸ਼ਿਪ ਯੋਜਨਾ...**
**ਇੰਡੀਆ ਪੋਸਟ ਪੇਮੈਂਟ ਬੈਂਕ: ਹੁਣ ਤੁਹਾਡਾ ਬੈਂਕ, ਤੁਹਾਡੇ ਦੁਆਰ**
ਪੰਨਾ 28-29

**ਨੈਸ਼ਨਲ ਸਕ੍ਰੈਪ ਪਾਲਿਸੀ: ਸਭ ਲਈ ਫ਼ਾਇਦੇ ਦਾ ਸੌਦਾ**





ਆਮ ਆਦਮੀ ਦੇ ਫ਼ਾਇਦੇ ਨਾਲ ਵਾਤਾਵਰਣ ਦੀ ਸੁਰੱਖਿਆ ਦਾ ਖ਼ਿਆਲ
ਪੰਨਾ 10-12

**ਸਮਾਚਾਰ-ਸਾਰ**
ਦੇਸ਼ ਦੀਆਂ ਪ੍ਰਮੁੱਖ ਖ਼ਬਰਾਂ | ਪੰਨਾ 4-5

**ਸਾਡੀ ਸਸ਼ਕਤ - ਪਾਰਦਰਸ਼ੀ ਪੰਚਾਇਤੀ ਰਾਜ ਵਿਵਸਥਾ**
ਪੰਚਾਇਤੀ ਰਾਜ ਦਿਵਸ 'ਤੇ ਕੇਂਦਰੀ ਮੰਤਰੀ ਦਾ ਵਿਸ਼ੇਸ਼ ਲੇਖ | ਪੰਨਾ 6-7

**ਮੱਧ-ਵਰਗ ਦੇ ਪਰਿਵਾਰਾਂ ਦਾ ਜੀਵਨ ਬਣ ਰਿਹਾ ਸੁਖਾਲਾ**
ਈਜ਼ ਆਵ੍ ਲਿਵਿੰਗ ਇੰਡੈਕਸ ਦੇ ਜ਼ਰੀਏ ਸ਼ਹਿਰਾਂ ਨੂੰ ਮਿਲੀ ਰੈਂਕਿੰਗ | ਪੰਨਾ 8

**ਜਿਨ੍ਹਾਂ ਕਰਕੇ ਦੁਨੀਆ ਨੇ ਭਾਰਤ ਦੇ ਸਿਨੇਮਾ ਨੂੰ ਜਾਣਿਆ**
ਮਹਾਨ ਫ਼ਿਲਮਸਾਜ਼ ਸੱਤਿਆਜੀਤ ਰੇਅ ਦੀ ਬਰਸੀ 'ਤੇ ਵਿਸ਼ੇਸ਼ | ਪੰਨਾ 9

**ਮਹਿਲਾਵਾਂ ਦੀ ਪ੍ਰੇਰਣਾ ਬਣੇ ਵੇਲੂ, ਨੌਜਵਾਨਾਂ ਦੀ ਊਰਜਾ ਖ਼ੁਦੀਰਾਮ**
ਭਾਰਤ ਦੇ ਦੋ ਮਹਾਨ ਕ੍ਰਾਂਤੀਕਾਰੀਆਂ ਦਾ ਸੰਸਮਰਣ | ਪੰਨਾ 16-17

**ਵਿਕਾਸ ਨੂੰ ਗਤੀ ਦੇਣ ਦੇ ਲਈ ਸੰਸਾਧਨ ਜੁਟਾਉਣ ਦੀ ਨਵੀਂ ਪਹਿਲ**
ਕੈਬਨਿਟ ਦੇ ਫ਼ੈਸਲੇ | ਪੰਨਾ 25

**ਟੀਕਾਕਰਣ ਤੇ ਸਿਹਤ ਸੁਵਿਧਾਵਾਂ 'ਚ ਅੱਗੇ ਵਧ ਰਿਹਾ ਭਾਰਤ**
ਕੋਰੋਨਾ ਖ਼ਿਲਾਫ਼ ਜੰਗ 'ਚ ਉਠੇ ਅਹਿਮ ਕਦਮ | ਪੰਨਾ 26-27

**ਸੁਵਿਧਾਵਾਂ ਦੇ ਰਾਜਮਾਰਗ**
ਰਾਸ਼ਟਰੀ ਰਾਜਮਾਰਗਾਂ 'ਤੇ ਜਨਤਕ ਸੁਵਿਧਾਵਾਂ ਦਾ ਖ਼ਿਆਲ | ਪੰਨਾ 30-31

**ਚਿਰੰਜੀਵੀ: ਭਾਰਤ-ਬੰਗਲਾਦੇਸ਼ ਦੋਸਤੀ**
ਬੰਗਲਾਦੇਸ਼ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਮੌਕੇ ਪ੍ਰਧਾਨ ਮੰਤਰੀ ਦਾ ਦੌਰਾ | ਪੰਨਾ 32-35

**ਸਦਾ ਦੇਸ਼ ਦੀ ਸੇਵਾ 'ਚ...**
ਸਿਵਲ ਸੇਵਾ ਦਿਵਸ 'ਤੇ ਵਿਸ਼ੇਸ਼ | ਪੰਨਾ 36-37

**ਜ਼ਿੰਦਗੀ ਤੇ ਵਾਤਾਵਰਣ ਬਚਾਉਣ ਦੀ ਅਨੋਖੀ ਪਹਿਲ**
ਕਹਾਣੀ ਬਦਲਦੇ ਭਾਰਤ ਦੀ | ਪੰਨਾ 38

**67ਵਾਂ ਰਾਸ਼ਟਰੀ ਫ਼ਿਲਮ ਪੁਰਸਕਾਰ**
ਫ਼ਿਲਮ ਪੁਰਸਕਾਰਾਂ ਦਾ ਐਲਾਨ | ਪੰਨਾ 39

**ਪ੍ਰਧਾਨ ਮੰਤਰੀ ਦੇ 'ਮਨ ਕੀ ਬਾਤ' ਪ੍ਰੋਗਰਾਮ ਦੀ 22ਵੀਂ ਕੜੀ**
| ਪੰਨਾ 40





**ਜਲ ਸੁਸ਼ਾਸਨ ਨਾਲ ਜਲ ਸੰਭਾਲ਼ ਦਾ ਭਾਗੀਰਥੀ ਸੰਕਲਪ**
ਜਲ ਸੰਭਾਲ਼ ਦੀ ਦਿਸ਼ਾ 'ਚ ਜਨ-ਭਾਗੀਦਾਰੀ ਨਾਲ 'ਕੈਚ ਦ ਰੇਨ' ਦੇ ਰੂਪ ਵਿੱਚ ਮਹਾਸੰਕਲਪ ਦੀ ਸ਼ੁਰੂਆਤ | ਪੰਨਾ 13-15

# ਸੰਪਾਦਕ ਦੀ ਕਲਮ ਤੋਂ...

ਸਾਦਰ ਨਮਸਕਾਰ!

ਤੁਸੀਂ ਆਪਣੀ 'ਪੱਤ੍ਰਿਕਾ' ਨੂੰ ਅਪਾਰ ਸਨੇਹ ਦੇ ਰਹੇ ਹੋ। ਕੋਰੋਨਾ ਕਾਲ 'ਚ ਵੀ ਸਫਲਤਾ ਦੇ ਕਈ ਨਵੇਂ ਆਯਾਮ ਘੜਦਿਆਂ ਦੇਸ਼ ਨਵੇਂ ਸੰਕਲਪਾਂ ਨਾਲ ਅੱਗੇ ਵਧ ਰਿਹਾ ਹੈ। ਬੀਤੇ ਵਰ੍ਹੇ ਵਿਦਿਆਰਥੀਆਂ ਨੇ ਵਿਪਰੀਤ ਪਰਿਸਥਿਤੀਆਂ 'ਚ ਵੀ ਆਪਣੀ ਪੜ੍ਹਾਈ-ਲਿਖਾਈ ਦੀ ਰਫ਼ਤਾਰ ਰੁਕਣ ਨਹੀਂ ਦਿੱਤੀ। ਨਵੀਆਂ ਤਕਨੀਕਾਂ ਨੇ ਇਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਹੁਣ ਪਰੀਖਿਆ ਦਾ ਮੌਸਮ ਹੈ, ਅਜਿਹੀ ਹਾਲਤ 'ਚ ਹਰ ਖੇਤਰ ਵਾਂਗ ਪਰੀਖਿਆ ਦੇ ਮਾਮਲੇ 'ਚ ਵੀ ਕੇਂਦਰ ਸਰਕਾਰ ਨੇ 2017 'ਚ ਇੱਕ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਸੀ। ਅੰਗਰੇਜ਼ੀ ਸ਼ਾਸਨ ਕਾਲ 'ਚ ਲਾਰਡ ਮੈਕਾਲੇ ਨੇ ਭਾਰਤੀਆਂ ਨੂੰ ਸਿਰਫ਼ ਕਲਰਕ ਬਣਾਉਣ ਦੀ ਸਿੱਖਿਆ ਪ੍ਰਣਾਲੀ ਸ਼ੁਰੂ ਕੀਤੀ ਸੀ ਲੇਕਿਨ ਆਜ਼ਾਦੀ ਦੇ ਬਾਅਦ ਇਤਨਾ ਸਮਾਂ ਬੀਤ ਜਾਣ ਦੇ ਬਾਵਜੂਦ ਤਬਦੀਲੀ ਲਿਆਉਣ ਦੀ ਵੱਡੀ ਪਹਿਲ ਕਦੇ ਨਹੀਂ ਹੋਈ।

ਅਜਿਹੀ ਹਾਲਤ 'ਚ ਕੇਂਦਰ ਸਰਕਾਰ ਦੀਆਂ ਕੋਸ਼ਿਸ਼ਾਂ ਨਾਲ ਅੰਤਰਰਾਸ਼ਟਰੀ ਮਿਆਰਾਂ ਉੱਤੇ ਅਧਾਰਿਤ 'ਨੈਸ਼ਨਲ ਟੈਸਟਿੰਗ ਏਜੰਸੀ' ਦੇ ਰੂਪ ਵਿੱਚ ਇੱਕ ਮਾਹਿਰ ਸੰਸਥਾ ਮਈ 2018 ਦੌਰਾਨ ਹੋਂਦ 'ਚ ਆਈ, ਜਿਸ ਨੇ ਸਿਰਫ਼ ਤਿੰਨ ਸਾਲਾਂ 'ਚ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਯੋਗਤਾ ਤੇ ਸਮਰੱਥਾ ਦੀ ਸਹੀ ਪਹਿਚਾਣ ਦਾ ਢਾਂਚਾ ਖੜ੍ਹਾ ਕਰ ਦਿੱਤਾ ਹੈ। ਔਨਲਾਈਨ ਸਿਸਟਮ ਦੀ ਅਹਿਮੀਅਤ ਦਾ ਕੋਰੋਨਾ ਕਾਲ ਨੇ ਸਭ ਨੂੰ ਬਾਖੂਬੀ ਅਹਿਸਾਸ ਕਰਵਾਇਆ ਹੈ। ਇਹੋ ਕਾਰਨ ਹੈ ਕਿ ਕੋਰੋਨਾ ਕਾਲ 'ਚ ਵੀ ਪਰੀਖਿਆਵਾਂ ਹੋਈਆਂ ਤੇ ਵਿਦਿਆਰਥੀਆਂ ਦਾ ਸਾਲ ਬਰਬਾਦ ਨਹੀਂ ਹੋਇਆ।

ਇਸ ਵਾਰ ਦੇ ਅੰਕ 'ਚ 'ਨੈਸ਼ਨਲ ਟੈਸਟਿੰਗ ਏਜੰਸੀ' ਦੀ ਸਫਲਤਾ ਤੋਂ ਲੈ ਕੇ ਇਸ ਦੀ ਜ਼ਰੂਰਤ, ਕਵਰ-ਸਟੋਰੀ ਬਣੀ ਹੈ। ਇਹ ਏਜੰਸੀ ਸਿਰਫ਼ ਪਰੀਖਿਆਵਾਂ ਹੀ ਨਹੀਂ ਲੈ ਰਹੀ, ਸਿੱਖਿਆ ਦੇ ਤੌਰ-ਤਰੀਕਿਆਂ, ਵਿਵਹਾਰਕਤਾ 'ਚ ਤਬਦੀਲੀ ਦਾ ਅਧਾਰ ਵੀ ਬਣ ਰਹੀ ਹੈ, ਜੋ ਦੇਸ਼ ਦੀ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਦਾ ਕੇਂਦਰ-ਬਿੰਦੂ ਹੈ।

ਆਜ਼ਾਦੀ ਕੇ ਅੰਮ੍ਰਿਤ ਮਹੋਤਸਵ ਦੀ ਕੜੀ 'ਚ ਗੁਮਨਾਮ ਨਾਇਕਾਂ ਦੀ ਕਹਾਣੀ, ਪ੍ਰਧਾਨ ਮੰਤਰੀ ਦੀ ਬੰਗਲਾਦੇਸ਼ ਯਾਤਰਾ ਨਾਲ ਗੁਆਂਢੀ ਦੇਸ਼ ਨਾਲ ਰਿਸ਼ਤਿਆਂ ਦੇ ਨਵੇਂ ਯੁਗ ਦੀ ਸ਼ੁਰੂਆਤ, ਮੱਧ ਵਰਗ ਦੇ ਜੀਵਨ ਵਿੱਚ ਤਬਦੀਲੀ ਦੇ ਸੂਚਕ-ਅੰਕ, ਸਕ੍ਰੈਪ ਨੀਤੀ ਨਾਲ ਵਾਹਨ ਮਾਲਕਾਂ ਨੂੰ ਤੀਹਰਾ ਲਾਭ, ਡਾਕ ਬੈਂਕ ਨਾਲ ਗ੍ਰਾਮੀਣਾਂ ਦੀ ਬੱਚਤ ਨੂੰ ਹੁਲਾਰਾ, ਰਾਜਮਾਰਗਾਂ ਕੰਢੇ ਜਨ-ਸੁਵਿਧਾਵਾਂ-ਬਜ਼ਾਰ ਦੇ ਵਿਕਾਸ ਦੀ ਉਦੇਸ਼ਮੁਖੀ ਯੋਜਨਾ ਤੇ ਭਾਰਤੀ ਸਿਨੇਮਾ ਨੂੰ ਦੁਨੀਆ 'ਚ ਪਹਿਚਾਣ ਦਿਵਾਉਣ ਵਾਲੇ ਸੱਤਿਆਜੀਤ ਰੇਅ ਦੀ ਕਹਾਣੀ ਵੀ ਇਸ ਅੰਕ 'ਚ ਸ਼ਾਮਲ ਹੈ।

ਹਮੇਸ਼ਾ ਦੀ ਤਰ੍ਹਾਂ ਆਪਣਾ ਸਨੇਹ ਤੇ ਸੁਝਾਅ ਦਿੰਦੇ ਰਹੋ।


ਪਤਾ- ਬਿਊਰੋ ਆਵ੍ ਆਊਟਰੀਚ ਐਂਡ ਕਮਿਊਨੀਕੇਸ਼ਨ,
ਸੂਚਨਾ ਭਵਨ, ਦੂਸਰੀ ਮੰਜ਼ਿਲ,
ਨਵੀਂ ਦਿੱਲੀ-110003
ਈਮੇਲ- response-nis@pib.gov.in

ਜੈਦੀਪ ਭਟਨਾਗਰ

(ਜੈਦੀਪ ਭਟਨਾਗਰ)






# ਆਪਕੀ ਬਾਤ...

'ਨਿਊ ਇੰਡੀਆ ਸਮਾਚਾਰ' ਨਾਮਕ ਲਾਜਵਾਬ ਮੈਗਜ਼ੀਨ ਪ੍ਰਕਾਸ਼ਿਤ ਕਰਨ 'ਤੇ ਤਹਿ ਦਿਲੋਂ ਮੁਬਾਰਕਬਾਦ। ਇਸ ਦੇ ਤਾਜ਼ਾ ਅੰਕ 'ਚ ਵਿਭਿੰਨ ਵਿਸ਼ਿਆਂ ਜਿਵੇਂ ਕਰੋੜਾਂ ਚਿਹਰਿਆਂ 'ਤੇ ਆਈ ਮੁਸਕਾਨ, ਵਿਦੇਸ਼ੀ ਬਜ਼ਾਰ 'ਚ ਛਾ ਜਾਣ ਨੂੰ ਤਿਆਰ ਸਵਦੇਸ਼ੀ ਖਿਡੌਣਾ, ਕਲਸਟਰ ਰਾਹੀਂ ਰਵਾਇਤ ਨੂੰ ਜਿਊਂਦਾ ਰੱਖਣ ਦੀ ਮੁਹਿੰਮ, ਇੱਕ ਟੀਕਾ ਭਰੋਸੇ ਦਾ, ਗ਼ਰੀਬ ਕਲਿਆਣ ਅਭਿਯਾਨ, ਵਿਸ਼ਵ ਬਜ਼ਾਰ 'ਚ ਭਾਰਤ ਦੀ ਹਿੱਸੇਦਾਰੀ, ਖੇਡ-ਖੇਡ 'ਚ ਗਿਆਨ ਤੇ ਸੰਦੇਸ਼ ਉੱਤੇ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਇਹ ਸਾਰੇ ਲੇਖ ਪੜ੍ਹ ਕੇ ਸਾਨੂੰ ਬਹੁਤ ਹੀ ਗਿਆਨ-ਵਧਾਊ ਜਾਣਕਾਰੀ ਹਾਸਲ ਹੋਈ।
-ਚੌਧਰੀ ਸ਼ਕਤੀ ਸਿੰਘ ਐਡਵੋਕੇਟ shaktisinghadv@gmail.com

ਖਿਡੌਣਾ ਉਦਯੋਗ ਨੂੰ ਸਮਰਪਿਤ ਇਸ ਅੰਕ ਵਿੱਚ ਪ੍ਰਾਚੀਨ ਸਵਦੇਸ਼ੀ ਖੇਡਾਂ ਬਾਰੇ ਕਾਫ਼ੀ ਦਿਲਚਸਪ ਜਾਣਕਾਰੀ ਮਿਲੀ। ਖ਼ਾਸ ਤੌਰ ਉੱਤੇ, ਭਾਰਤ 'ਚ ਖਿਡੌਣਾ ਉਦਯੋਗ ਨੂੰ ਆਤਮਨਿਰਭਰ ਬਣਾਉਣ ਦੀ ਮੁਹਿੰਮ ਜੇ ਸਹੀ ਦਿਸ਼ਾ 'ਚ ਅੱਗੇ ਵਧਦੀ ਹੈ, ਤਾਂ ਕਾਫ਼ੀ ਹੱਦ ਤੱਕ ਵਿਦੇਸ਼ੀ ਖਿਡੌਣਿਆਂ ਉੱਤੇ ਸਾਡੀ ਨਿਰਭਰਤਾ ਘਟੇਗੀ। ਇਹ ਗੱਲ ਵੀ ਖ਼ਾਸ ਲਗੀ ਕਿ ਤੁਸੀਂ ਘੱਟ ਥਾਂ ਉੱਤੇ ਵੱਧ ਤੋਂ ਵੱਧ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਰਨਿੰਗ ਮੈਟਰ ਦੀ ਥਾਂ ਜ਼ਿਆਦਾ ਪੁਆਇੰਟਰ ਦੀ ਵਰਤੋਂ ਬਿਹਤਰ ਲਗੀ।
ਮਮਤਾ ਸਿੰਘ mamta.07.07@gmail.com

ਇਹ ਬੇਹੱਦ ਮਾਣ ਵਾਲੀ ਗੱਲ ਹੈ ਕਿ ਅੱਜ ਸਵਦੇਸ਼ੀ ਖਿਡੌਣਿਆਂ ਦਾ ਬਜ਼ਾਰ ਉਤਕ੍ਰਿਸ਼ਟਤਾ ਦੇ ਸਿਖ਼ਰ 'ਤੇ ਪੁੱਜ ਗਿਆ ਹੈ। ਸਾਡਾ ਭਾਰਤ ਅੱਜ ਬੇਸ਼ਕ ਅਣਗਿਣਤ ਪਰਿਵਾਰਾਂ ਨੂੰ ਆਤਮਨਿਰਭਰ ਬਣਨ ਦਾ ਮੌਕਾ ਦੇ ਰਿਹਾ ਹੈ। ਹਾਂ, ਅਸੀਂ ਸਵੈਮਾਣ ਨਾਲ ਆਖ ਸਕਦੇ ਹਾਂ ਕਿ ਸਾਡਾ ਦੇਸ਼ ਵਿਸ਼ਵ 'ਚ ਬੇਮਿਸਾਲ ਹੈ। ਇੱਥੇ 'ਸਬਕਾ ਸਾਥ, ਸਬਕਾ ਵਿਕਾਸ' ਸੰਭਵ ਹੈ। 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਪੜ੍ਹ ਕੇ ਮਨ ਸੰਤੁਸ਼ਟ ਹੋ ਗਿਆ!
ਜਯੰਤ ਤਪਾਦਾਰ
topadarj023@gmail.com

ਤੁਹਾਡੀ ਪੱਤ੍ਰਿਕਾ ਦਾ ਡਿਜੀਟਲ ਸੰਸਕਰਣ ਹਾਸਲ ਕਰਕੇ ਮਨ ਬਾਗ਼ੋ-ਬਾਗ਼ ਹੋ ਗਿਆ। ਖਿਡੌਣਾ ਉਦਯੋਗ 'ਚ ਭਾਰਤ ਦੀ ਆਤਮਨਿਰਭਰਤਾ ਉੱਤੇ ਡੂੰਘੀ ਵਿਸ਼ਲੇਸ਼ਣਾਤਮਕ ਸਮੱਗਰੀ ਲਈ ਸ਼ੁਕਰੀਆ। ਨਿਸ਼ਚਿਤ ਤੌਰ 'ਤੇ ਇਹ ਸੰਸਕਰਣ ਸੰਭਾਲਣਯੋਗ ਹੈ। ਆਸ ਹੈ ਕਿ ਅਗਲੇ ਅੰਕ ਵੀ ਸਾਨੂੰ ਮਿਲਦੇ ਰਹਿਣਗੇ।
ਮੋਹਿਤ ਸੋਨੀ
sonimohit895@gmail.com

'ਨਿਊ ਇੰਡੀਆ ਸਮਾਚਾਰ' ਇੱਕ ਗਿਆਨ-ਵਧਾਊ ਪੱਤ੍ਰਿਕਾ ਦੇ ਨਾਲ ਦੇਸ਼ ਨੂੰ ਜਾਗਰੂਕ ਕਰਨ ਦੀ ਇੱਕ ਪ੍ਰਕਿਰਿਆ ਹੈ। ਦੇਸ਼ ਨੂੰ ਖਿਡੌਣਾ ਉਦਯੋਗ ਦੇ ਖੇਤਰ 'ਚ ਮਜ਼ਬੂਤ ਬਣਾਉਣ ਦੀ ਸਰਕਾਰ ਦੀ ਕਾਰਜ-ਯੋਜਨਾ ਕਾਫ਼ੀ ਸ਼ਲਾਘਾਯੋਗ ਹੈ। ਇਸ ਪੱਤ੍ਰਿਕਾ ਦੀ ਖ਼ਾਸੀਅਤ ਇਹ ਹੈ ਕਿ ਇਹ ਹਰੇਕ ਭਾਸ਼ਾ 'ਚ ਉਪਲਬਧ ਹੈ।
ਸੰਧਿਆ ਨਿਗਮ
sannigam11@gmail.com

ਇਹ ਇੱਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਸਾਨੂੰ ਭਾਰਤੀ ਖਿਡੌਣਾ ਉਦਯੋਗ ਨੂੰ ਸਮੁੱਚੇ ਵਿਸ਼ਵ 'ਚ ਸਥਾਨ ਦਿਵਾਉਣਾ ਹੈ। ਇਸ ਵਿੱਚ ਇੱਥੋਂ ਦੇ ਕਾਰੀਗਰਾਂ ਦਾ ਹੁਨਰ ਨਿੱਖਰ ਜਾਵੇਗਾ।
ਸ਼ੈਲੇਂਦਰ ਕੁਮਾਰ
nhpcindia1@gmail.com

ਮੈਂ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਦਾ ਨਿਯਮਿਤ ਪਾਠਕ ਹਾਂ। ਇਸ ਪੱਤ੍ਰਿਕਾ ਦੇ ਮਾਧਿਅਮ ਰਾਹੀਂ ਸਾਨੂੰ ਕੇਂਦਰ ਸਰਕਾਰ ਦੀਆਂ ਯੋਜਨਾਵਾਂ, ਪ੍ਰੋਗਰਾਮਾਂ, ਰਾਸ਼ਟਰੀ-ਅੰਤਰਰਾਸ਼ਟਰੀ ਘਟਨਾਵਾਂ ਦੀ ਤਾਜ਼ਾ ਜਾਣਕਾਰੀ ਹਾਸਲ ਹੁੰਦੀ ਹੈ। ਇਹ ਪੱਤ੍ਰਿਕਾ ਪ੍ਰਤੀਯੋਗੀ ਪਰੀਖਿਆਵਾਂ ਦੀ ਤਿਆਰੀ ਲਈ ਬਹੁਤ ਉਪਯੋਗੀ ਹੈ। ਮੇਰਾ ਇੱਕ ਸੁਝਾਅ ਹੈ ਕਿ ਪੱਤ੍ਰਿਕਾ ਦਾ ਪਖਵਾੜੇ ਦੀ ਥਾਂ ਹਫ਼ਤਾਵਾਰੀ ਪ੍ਰਕਾਸ਼ਨ ਕੀਤਾ ਜਾਵੇ।
ਸਰਵੇਸ਼ ਕੁਮਾਰ sarvesh.kr@rb.nic.in

## ਹੁਣ ਡਿਜੀਟਲ ਕੈਲੰਡਰ




ਭਾਰਤ ਸਰਕਾਰ ਨੇ ਪਹਿਲੀ ਵਾਰ ਡਿਜੀਟਲ ਕੈਲੰਡਰ ਤੇ ਡਾਇਰੀ ਐਪ ਲਾਂਚ ਕੀਤੀ ਹੈ। ਜੀਓਆਈ ਐਪ 'ਤੇ ਵੀ ਸਾਰੀਆਂ ਸਰਕਾਰੀ ਯੋਜਨਾਵਾਂ, ਪ੍ਰੋਗਰਾਮ, ਪ੍ਰਕਾਸ਼ਨ ਨਾਲ ਸਰਕਾਰੀ ਛੁੱਟੀਆਂ ਤੇ ਮਿਤੀਆਂ ਦੀ ਜਾਣਕਾਰੀ ਵੀ ਮਿਲ ਜਾਵੇਗੀ।

ਇਸ ਨੂੰ ਗੂਗਲ ਪਲੇਅ ਸਟੋਰ ਅਤੇ ਆਈਓਐੱਸ ਤੋਂ ਡਾਊਨਲੋਡ ਕਰ ਸਕਦੇ ਹੋ।

ਗੂਗਲ ਪਲੇਅ ਸਟੋਰ ਲਿੰਕ
https://play.google.com/store/apps/details?id=in.gov.calendar

ਆਈਓਐੱਸ ਲਿੰਕ
https://apps.apple.com/in/app/goi-calendar/id1546365594

https://goicalendar.gov.in/

'ਨਿਊ ਇੰਡੀਆ ਸਮਾਚਾਰ' ਪੜ੍ਹ ਕੇ ਬਹੁਤ ਵਧੀਆ ਲਗਿਆ। ਦੇਸ਼ ਦੀਆਂ ਸਾਰੀਆਂ ਮੁੱਖ ਖ਼ਬਰਾਂ ਦੇ ਨਾਲ-ਨਾਲ ਹੋਰ ਵੀ ਬਹੁਤ ਜਾਣਕਾਰੀ ਮਿਲੀ। ਇਹ ਪ੍ਰਤੀਯੋਗਿਤਾ ਪਰੀਖਿਆ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਦੀ ਕਰੰਟ ਅਫ਼ੇਅਰਸ ਲਈ ਇੱਕ ਚੰਗਾ ਵਿਕਲਪ ਹੈ।
ਪਵਨ ਰਾਜ ਕੁਸ਼ਵਾਹਾ pavanraj282000@gmail.com

ਪੱਤ੍ਰਿਕਾ ਦਾ ਤਾਜ਼ਾ ਅੰਕ ਪੜ੍ਹਿਆ, ਵਧੀਆ ਲਗਿਆ। ਇਸ ਪੱਤ੍ਰਿਕਾ ਦੇ ਸਾਰੇ ਅੰਕ ਪੜ੍ਹੇ ਹਨ, ਸਦਾ ਨਵੇਂ ਅੰਕ ਦੀ ਉਤਸੁਕਤਾ ਰਹਿੰਦੀ ਹੈ। ਖਿਡੌਣਿਆਂ ਬਾਰੇ ਪੜ੍ਹਿਆ। ਬਹੁਤ ਵਧੀਆ ਲਗਿਆ । ਇਹ ਪੱਤ੍ਰਿਕਾ ਮੇਰੇ ਪਰਿਵਾਰ ਨੂੰ ਵੀ ਚੰਗੀ ਲਗਦੀ ਹੈ।
ਮਨੀਸ਼ ਕੁਮਾਰ manishk.d089501@gov.in

# ਪੁਰਾਣੇ ਬੱਲਬ ਦੇ ਕੇ 10 ਰੁਪਏ 'ਚ ਨਵੇਂ ਐੱਲਈਡੀ ਬੱਲਬ ਲੈ ਸਕਣਗੇ ਗ੍ਰਾਮੀਣ




ਦੇਸ਼ ਦੇ ਹਰੇਕ ਘਰ 'ਚ ਬਿਜਲੀ ਪਹੁੰਚਾਉਣ ਦਾ ਸੁਪਨਾ ਪੂਰਾ ਕਰਨ ਵਾਲੀ ਕੇਂਦਰ ਸਰਕਾਰ ਨੇ ਸਸਤੀ ਤੇ ਚੰਗੀ ਰੋਸ਼ਨੀ ਦੀ ਦਿਸ਼ਾ ਵਿੱਚ ਇੱਕ ਹੋਰ ਨਵਾਂ ਕਦਮ ਚੁੱਕਿਆ ਹੈ। ਗ੍ਰਾਮ ਉਜਾਲਾ ਪ੍ਰੋਗਰਾਮ ਦੇ ਤਹਿਤ ਗ੍ਰਾਮੀਣ ਖੇਤਰਾਂ 'ਚ ਲੋਕ ਹੁਣ ਆਪਣੇ ਪੁਰਾਣੇ ਫ਼ਿਲਾਮੈਂਟ ਵਾਲੇ ਬੱਲਬ ਦੇ ਕੇ ਸਿਰਫ਼ 10 ਰੁਪਏ 'ਚ ਨਵੇਂ ਐੱਲਈਡੀ ਬੱਲਬ ਲੈ ਸਕਣਗੇ। ਇੱਕ ਪਰਿਵਾਰ ਨੂੰ 7 ਅਤੇ 12 ਵਾਟ ਦੇ ਵੱਧ ਤੋਂ ਵੱਧ 5 ਐੱਲਈਡੀ ਮਿਲਣਗੇ। ਕੇਂਦਰੀ ਬਿਜਲੀ ਰਾਜ ਮੰਤਰੀ (ਸੁਤੰਤਰ ਚਾਰਜ) ਆਰਕੇ ਸਿੰਘ ਨੇ ਬਿਹਾਰ ਦੇ ਆਰਾ ਜ਼ਿਲ੍ਹੇ ਤੋਂ ਇਸ ਦੀ ਸ਼ੁਰੂਆਤ ਕੀਤੀ ਹੈ। ਪਹਿਲੇ ਗੇੜ 'ਚ ਆਰਾ ਨਾਲ ਵਾਰਾਣਸੀ, ਵਿਜੈਵਾੜਾ, ਨਾਗਪੁਰ ਤੇ ਪੱਛਮੀ ਗੁਜਰਾਤ 'ਚ 1.5 ਕਰੋੜ ਐੱਲਈਡੀ ਵੰਡੇ ਜਾਣਗੇ। ਇਹੋ ਨਹੀਂ, ਗ੍ਰਾਮ ਉਜਾਲਾ ਪ੍ਰੋਗਰਾਮ ਪਹਿਲੀ ਅਜਿਹੀ ਯੋਜਨਾ ਹੈ, ਜਿਸ ਵਿੱਚ ਵਿੱਤੀ ਪ੍ਰਬੰਧ ਕਾਰਬਨ ਕ੍ਰੈਡਿਟ ਦੇ ਮਾਧਿਅਮ ਰਾਹੀਂ ਕੀਤਾ ਗਿਆ ਹੈ। ਹੁਣ ਇਨ੍ਹਾਂ ਐੱਲਈਡੀ ਬੱਲਬਾਂ ਰਾਹੀਂ ਜਿੱਥੇ ਹਰ ਸਾਲ 202.5 ਕਰੋੜ ਯੂਨਿਟ (ਕਿਲੋਵਾਟ/ਘੰਟਾ) ਬਿਜਲੀ ਦੀ ਬੱਚਤ ਹੋਵੇਗੀ, ਉੱਥੇ ਕਾਰਬਨ ਦੀ ਨਿਕਾਸੀ 'ਚ ਵੀ 16.5 ਲੱਖ ਟਨ ਦੀ ਕਮੀ ਆਵੇਗੀ। ਦੇਸ਼ ਦੇ 3 ਕਰੋੜ 70 ਲੱਖ ਘਰਾਂ ਵਿੱਚ ਪਹਿਲਾਂ ਤੋਂ ਹੀ ਐੱਲਈਡੀ ਬੱਲਬ ਦਾ ਉਪਯੋਗ ਕੀਤਾ ਜਾ ਰਿਹਾ ਹੈ। ਇਸ ਨਾਲ ਕਾਰਬਨ ਨਿਕਾਸੀ ਵਿੱਚ ਹਰ ਸਾਲ 3.80 ਕਰੋੜ ਟਨ ਦੀ ਕਮੀ ਆਈ ਹੈ।

## 1 ਕਰੋੜ ਤੋਂ ਵੱਧ ਕਿਸਾਨਾਂ ਨੂੰ ਮਿਲਿਆ ਐੱਮਐੱਸਪੀ ਉੱਤੇ ਝੋਨੇ ਦੀ ਖਰੀਦ ਦਾ ਲਾਭ

ਅੰਨਦਾਤਾ ਨੂੰ ਉਸ ਦੀ ਫ਼ਸਲ ਦੀ ਸਹੀ ਕੀਮਤ ਮਿਲੇ, ਕੇਂਦਰ ਸਰਕਾਰ ਆਪਣਾ ਇਹ ਲਕਸ਼ ਪੂਰਾ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਣਾ ਚਾਹੁੰਦੀ। ਖ਼ਰੀਫ਼ ਦੇ ਸੀਜ਼ਨ 'ਚ ਝੋਨੇ ਦੀ ਖਰੀਦ ਦੇ ਤਾਜ਼ਾ ਅੰਕੜੇ ਵੀ ਇਸ ਗੱਲ ਦੀ ਗਵਾਹੀ ਦੇ ਰਹੇ ਹਨ। 21 ਮਾਰਚ ਤੱਕ 21 ਰਾਜਾਂ ਦੇ 100.92 ਲੱਖ ਕਿਸਾਨਾਂ ਤੋਂ ਘੱਟੋ-ਘੱਟ ਸਮਰਥਨ ਮੁੱਲ ਉੱਤੇ 685.39 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਦਕਿ ਇਸੇ ਮਿਆਦ 'ਚ ਪਿਛਲੇ ਸਾਲ 603.79 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਸੀ। ਭਾਵ ਇਸ ਵਰ੍ਹੇ ਹੁਣ ਤੱਕ 13.51% ਵੱਧ ਝੋਨਾ ਐੱਮਐੱਸਪੀ ਉੱਤੇ ਖਰੀਦਿਆ ਗਿਆ ਹੈ। ਇਕੱਲੇ ਪੰਜਾਬ ਤੋਂ 202.82 ਲੱਖ ਮੀਟ੍ਰਿਕ ਟਨ ਝੋਨਾ ਖਰੀਦਿਆ ਗਿਆ, ਇਹ ਪੂਰੀ ਖਰੀਦ ਦਾ 29.59% ਹੈ। ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੇ ਇਵਜ਼ਾਨੇ 'ਚ 1,29,402.60 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ ਹੈ। ਖ਼ਰੀਫ਼ 2020-21 ਅਤੇ ਰਬੀ 2021 ਦੇ ਤਹਿਤ ਸਰਕਾਰ ਨੇ ਐੱਮਐੱਸਪੀ ਉੱਤੇ 3,60,238.73 ਮੀਟ੍ਰਿਕ ਟਨ ਮੂੰਗੀ, ਉੜਦ, ਤੁਅਰ, ਮੂੰਗਫਲੀ ਦੀ ਫਲੀ ਤੇ ਸੋਇਆਬੀਨ ਦੀ ਖਰੀਦ ਕੀਤੀ ਹੈ। ਇਸ ਦੇ ਨਾਲ ਹੀ 18,97,005 ਕਿਸਾਨਾਂ ਤੋਂ 26,719.51 ਕਰੋੜ ਰੁਪਏ ਦੀ ਐੱਮਐੱਸਪੀ ਕੀਮਤ ਉੱਤੇ ਕਪਾਹ ਦੀਆਂ 91,86,803 ਗੰਢਾਂ ਦੀ ਖਰੀਦ ਕੀਤੀ ਜਾ ਚੁੱਕੀ ਹੈ।

## 'ਮੇਰਾ ਰਾਸ਼ਨ' ਐਪ ਨਾਲ ਦੇਸ਼ ਦੇ ਕਿਸੇ ਵੀ ਕੋਣੇ 'ਚ ਲਵੋ ਆਪਣੇ ਹੱਕ ਦਾ ਰਾਸ਼ਨ

ਪ੍ਰਵਾਸੀ ਮਜ਼ਦੂਰਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਹੁਣ ਕੇਂਦਰੀ ਖ਼ੁਰਾਕ ਤੇ ਜਨਤਕ ਵੰਡ ਮੰਤਰਾਲੇ ਨੇ ਨਵੀਂ ਪਹਿਲ ਕੀਤੀ ਹੈ। ਮਜ਼ਦੂਰਾਂ ਨੂੰ ਕੰਮ ਕਰਨ ਲਈ ਅਕਸਰ ਦੂਜੇ ਰਾਜਾਂ 'ਚ ਜਾਣਾ ਪੈਂਦਾ ਹੈ, ਅਜਿਹੀ ਸਥਿਤੀ ਵਿੱਚ ਸਰਕਾਰੀ ਸਸਤਾ ਰਾਸ਼ਨ ਲੈਣ ਵਿੱਚ ਉਨ੍ਹਾਂ ਨੂੰ ਸੁਵਿਧਾ ਹੋਵੇ, ਇਸ ਲਈ MERA RATION ਮੋਬਾਈਲ ਐਪ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਐਪ ਦੀ ਮਦਦ ਨਾਲ ਕਿਸੇ ਵੀ ਰਾਜ ਵਿੱਚ ਕਿਸੇ ਵੀ ਦੁਕਾਨ ਤੋਂ ਰਾਸ਼ਨ ਲਿਆ ਜਾ ਸਕਦਾ ਹੈ। ਆਧਾਰ ਨੰਬਰ ਦੀ ਵੈਰੀਫ਼ਿਕੇਸ਼ਨ ਨਾਲ ਇਹ ਐਪ ਅੰਗਰੇਜ਼ੀ ਤੇ ਹਿੰਦੀ ਵਿੱਚ ਉਪਲਬਧ ਹੈ ਤੇ ਛੇਤੀ ਹੀ 14 ਹੋਰ ਭਾਰਤੀ ਭਾਸ਼ਾਵਾਂ ਵਿੱਚ ਇਹ ਉਪਲਬਧ ਹੋਵੇਗੀ। ਇਸ ਐਪ ਨਾਲ ਲਾਗਲੀ ਦੁਕਾਨ ਦੀ ਜਾਣਕਾਰੀ ਵੀ ਹਾਸਲ ਕੀਤੀ ਜਾ ਸਕਦੀ ਹੈ। ਇਹ ਐਪ ਕੇਂਦਰ ਸਰਕਾਰ ਦੀ 'ਇੱਕ ਦੇਸ਼-ਇੱਕ ਰਾਸ਼ਨ ਕਾਰਡ' ਯੋਜਨਾ ਦਾ ਹਿੱਸਾ ਹੈ। ਇਸ ਯੋਜਨਾ ਦੀ ਸ਼ੁਰੂਆਤ ਅਗਸਤ 2019 'ਚ ਚਾਰ ਰਾਜਾਂ ਵਿੱਚ ਕੀਤੀ ਗਈ ਸੀ। ਇਸ ਵੇਲੇ 32 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਇਸ ਦਾ ਲਾਭ ਮਿਲ ਰਿਹਾ ਹੈ। ਰਾਸ਼ਨ ਕਾਰਡ ਪੋਰਟੇਬਿਲਿਟੀ ਦਾ ਲਾਭ ਹੁਣ ਤੱਕ 69 ਕਰੋੜ ਲੋਕ ਲੈ ਚੁੱਕੇ ਹਨ। ਹਰ ਮਹੀਨੇ ਲਗਭਗ 1.5 ਕਰੋੜ ਲੋਕਾਂ ਨੂੰ ਇਸ ਨਾਲ ਜੋੜਿਆ ਜਾ ਰਿਹਾ ਹੈ।



# ਅਟਲ ਟਿੰਕਰਿੰਗ ਲੈਬ

## ਦੇ ਵਿਦਿਆਰਥੀਆਂ ਨੂੰ ਕਲਾਊਡ ਕੰਪਿਊਟਿੰਗ ਦੇ ਗੁਰ ਸਿਖਾਏਗੀ ਐਮੇਜ਼ੋਨ ਵੈੱਬ ਸਰਵਿਸ

ਵਿਦਿਆਰਥੀਆਂ ਤੇ ਨੌਜਵਾਨਾਂ ਦੇ ਸੁਪਨੇ ਨੂੰ ਅਨੋਖੀ ਖੋਜ ਵਿੱਚ ਬਦਲਣ ਦੀ ਕਹਾਣੀ ਹੁਣ ਤੁਸੀਂ ਕਈ ਵਾਰ ਦੇਖਦੇ, ਸੁਣਦੇ ਜਾਂ ਪੜ੍ਹਦੇ ਹੋਵੋਗੇ। ਚਾਰ ਸਾਲ ਪਹਿਲਾਂ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 'ਅਟਲ ਇਨੋਵੇਸ਼ਨ' ਨੇ ਇਨ੍ਹਾਂ ਵਿਦਿਆਰਥੀਆਂ ਤੇ ਨੌਜਵਾਨਾਂ ਦੇ ਵਿਗਿਆਨਕ ਸੁਪਨਿਆਂ ਨੂੰ ਨਵੇਂ ਖੰਭ ਦਿੱਤੇ ਹਨ। ਬੱਚਿਆਂ ਨੂੰ ਸਕੂਲ ਤੋਂ ਹੀ ਇਨੋਵੇਟਰ ਬਣਾਉਣ ਦੇ ਉਦੇਸ਼ ਨਾਲ 'ਅਟਲ ਟਿੰਕਰਿੰਗ ਲੈਬ' ਰਾਹੀਂ ਅੱਜ ਭਾਰਤ ਦੇ 7,000 ਤੋਂ ਵੱਧ ਸਕੂਲਾਂ 'ਚ ਬੱਚਿਆਂ ਦੀ ਇਨੋਵੇਸ਼ਨ ਨੂੰ ਨਵੀਂ ਦਿਸ਼ਾ ਦਿੱਤੀ ਜਾ ਰਹੀ ਹੈ। ਸਫਲਤਾ ਦੀ ਇਸ ਕੜੀ 'ਚ ਹੁਣ ਇੱਕ ਹੋਰ ਸ਼ੁਰੂਆਤ ਹੋਣ ਜਾ ਰਹੀ ਹੈ। 'ਅਟਲ ਟਿੰਕਰਿੰਗ ਲੈਬ' ਦੇ ਇਹ ਵਿਦਿਆਰਥੀ ਹੁਣ 'ਐਮੇਜ਼ੋਨ ਵੈੱਬ ਸਰਵਿਸ' ਰਾਹੀਂ ਕਲਾਊਡ ਕੰਪਿਊਟਿੰਗ ਦੇ ਗੁਰ ਸਿੱਖਣਗੇ। ਨੀਤੀ ਆਯੋਗ ਨੇ ਇਸ ਲਈ ਕੰਟ੍ਰੈਕਟ ਕੀਤਾ ਹੈ। ਅਟਲ ਇਨੋਵੇਸ਼ਨ ਮਿਸ਼ਨ ਦੇ ਮਿਸ਼ਨ–ਡਾਇਰੈਕਟਰ ਆਰ. ਰਮਨਨ ਅਨੁਸਾਰ ਇਸ ਇਕਰਾਰ ਨਾਲ ਐਮੇਜ਼ੋਨ ਵੈੱਬ ਸਰਵਿਸ ਦੇਸ਼ ਦੇ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਡਿਜੀਟਲ ਅਤੇ ਵੈੱਬ ਅਧਾਰਿਤ ਤਕਨੀਕ ਸਿਖਾਏਗਾ, ਤਾਕਿ ਉਨ੍ਹਾਂ ਦੀ ਸਿਰਜਣਾਤਮਕ ਤੇ ਇਨੋਵੇਸ਼ਨ ਦੀ ਸਮਰੱਥਾ ਵਿੱਚ ਵਾਧਾ ਹੋ ਸਕੇ।

## ਅਟਲ ਪੈਨਸ਼ਨ ਯੋਜਨਾ ਨਾਲ ਸਾਲ ਭਰ 'ਚ ਜੁੜੇ 65 ਲੱਖ ਲੋਕ



ਹਰੇਕ ਨੂੰ ਇਹੋ ਚਿੰਤਾ ਹੁੰਦੀ ਹੈ ਕਿ ਉਸ ਨੂੰ ਬੁਢਾਪੇ 'ਚ ਆਰਥਿਕ ਪਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ। ਇਸੇ ਚਿੰਤਾ ਨੂੰ ਦੂਰ ਕਰਨ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ 1 ਜੂਨ, 2015 ਨੂੰ ਸ਼ੁਰੂ ਕੀਤੀ ਗਈ 'ਅਟਲ ਪੈਨਸ਼ਨ ਯੋਜਨਾ' ਦਾ ਵਧੀਆ ਨਤੀਜਾ ਮਿਲਿਆ ਹੈ। ਪੈਨਸ਼ਨ ਖੇਤਰ ਦੇ ਰੈਗੂਲੇਟਰੀ ਇਕਾਈ 'ਪੈਨਸ਼ਨ ਫ਼ੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ' ਵੱਲੋਂ ਜਾਰੀ ਅੰਕੜਿਆਂ ਅਨੁਸਾਰ ਫ਼ਰਵਰੀ 2021 ਤੱਕ 2 ਕਰੋੜ 72 ਲੱਖ 69 ਹਜ਼ਾਰ ਲੋਕਾਂ ਨੇ ਅਟਲ ਪੈਨਸ਼ਨ ਯੋਜਨਾ ਅਧੀਨ ਖਾਤਾ ਖੁਲ੍ਹਵਾ ਲਿਆ ਸੀ। ਪਿਛਲੇ ਵਰ੍ਹੇ ਫ਼ਰਵਰੀ ਮਹੀਨੇ ਦੇ ਆਖ਼ਰੀ ਦਿਨ ਤੱਕ ਇਸ ਯੋਜਨਾ ਦੇ ਖਾਤਾ–ਧਾਰਕਾਂ ਦੀ ਗਿਣਤੀ 2 ਕਰੋੜ 7 ਲੱਖ 41 ਹਜ਼ਾਰ ਸੀ। ਇਸ ਯੋਜਨਾ ਅਧੀਨ ਲਾਭਪਾਤਰੀਆਂ ਦੀ 60 ਸਾਲ ਦੀ ਉਮਰ ਹੋਣ ਤੋਂ ਬਾਅਦ 1,000 ਰੁਪਏ ਤੋਂ ਲੈ ਕੇ 5,000 ਰੁਪਏ ਤੱਕ ਦੀ ਰਕਮ ਪੈਨਸ਼ਨ ਵਜੋਂ ਹਰ ਮਹੀਨੇ ਦਿੱਤੀ ਜਾਵੇਗੀ। ਇਹ ਲਾਭਪਾਤਰੀਆਂ ਵੱਲੋਂ ਕੀਤੇ ਗਏ ਨਿਵੇਸ਼ ਤੇ ਉਮਰ ਦੇ ਹਿਸਾਬ ਨਾਲ ਨਿਸ਼ਚਿਤ ਕੀਤੀ ਜਾਂਦੀ ਹੈ। ਅਟਲ ਪੈਨਸ਼ਨ ਯੋਜਨਾ 'ਚ ਨਾ ਸਿਰਫ਼ ਤੁਸੀਂ ਘੱਟ ਰਕਮ ਜਮ੍ਹਾਂ ਕਰਵਾ ਕੇ ਹਰ ਮਹੀਨੇ ਵੱਧ ਪੈਨਸ਼ਨ ਦੇ ਹੱਕਦਾਰ ਹੋ ਸਕਦੇ ਹੋ, ਬਲਕਿ ਬੇਵਕਤ ਮੌਤ ਹੋਣ 'ਤੇ ਪੈਨਸ਼ਨਰ ਦੇ ਪਰਿਵਾਰ ਵੀ ਇਸ ਦਾ ਲਾਭ ਲੈ ਸਕਦੇ ਹਨ।


## ਬੰਗਲੂਰੂ 'ਚ ਬਣਿਆ ਦੇਸ਼ ਦਾ ਪਹਿਲਾ ਸੈਂਟ੍ਰਲਾਈਜ਼ਡ ਏਸੀ ਰੇਲਵੇ ਟਰਮੀਨਲ



ਹਵਾਈ ਅੱਡਿਆਂ ਵਾਂਗ ਹੁਣ ਰੇਲਵੇ ਸਟੇਸ਼ਨਾਂ ਨੂੰ ਵੀ ਆਧੁਨਿਕ ਬਣਾਇਆ ਜਾ ਰਿਹਾ ਹੈ। ਇਸੇ ਕੜੀ 'ਚ ਭਾਰਤੀ ਰੇਲ ਨੇ ਬੰਗਲੂਰੂ 'ਚ ਦੇਸ਼ ਦਾ ਪਹਿਲਾ ਏਅਰ ਕੰਡੀਸ਼ਨਡ ਰੇਲਵੇ ਟਰਮੀਨਲ ਬਣਾ ਕੇ ਵਿਕਾਸ ਦੀ ਇੱਕ ਹੋਰ ਝਲਕ ਪੇਸ਼ ਕੀਤੀ ਹੈ। ਵਿਸ਼ਵ–ਪੱਧਰੀ ਸੁਵਿਧਾਵਾਂ ਦੇਣ ਲਈ ਪ੍ਰਤੀਬੱਧ ਰੇਲਵੇ ਨੇ ਇਸ ਟਰਮੀਨਲ ਦਾ ਨਾਮਕਰਣ ਦੇਸ਼ ਦੇ ਮੋਹਰੀ ਸਿਵਲ ਇੰਜੀਨੀਅਰਸ 'ਚੋਂ ਇੱਕ ਭਾਰਤ ਰਤਨ, ਸਰ ਐੱਮ. ਵਿਸ਼ਵੇਸ਼ਵਰੱਈਆ ਦੇ ਨਾਮ ਉੱਤੇ ਕੀਤਾ ਹੈ। ਇਸ ਰੇਲਵੇ ਟਰਮੀਨਲ ਉੱਤੇ ਕੰਮ ਛੇਤੀ ਹੀ ਸ਼ੁਰੂ ਹੋ ਜਾਵੇਗਾ। ਲਗਭਗ 314 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਇਹ ਸਟੇਸ਼ਨ 4,200 ਵਰਗ ਮੀਟਰ 'ਚ ਫੈਲਿਆ ਹੋਇਆ ਹੈ ਅਤੇ ਇਸ ਉੱਤੇ 50 ਹਜ਼ਾਰ ਲੋਕਾਂ ਦੀ ਆਵਾਜਾਈ ਅਸਾਨੀ ਨਾਲ ਹੋ ਸਕੇਗੀ। ਦਰਅਸਲ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤੀ ਰੇਲ ਵਿਕਾਸ ਦੇ ਨਿੱਤ ਨਵੇਂ ਸਿਖ਼ਰ ਛੋਹ ਰਿਹਾ ਹੈ ਅਤੇ ਦੇਸ਼ ਵਿੱਚ ਇਹ ਯਾਤਰਾ ਦਾ ਇੱਕ ਮਕਬੂਲ ਮਾਧਿਅਮ ਹੈ। ਭਾਰਤੀ ਰੇਲ ਲਗਾਤਾਰ ਅਜਿਹੀਆਂ ਕੋਸ਼ਿਸ਼ਾਂ ਉੱਤੇ ਜ਼ੋਰ ਦਿੰਦੀ ਰਹੀ ਹੈ; ਜਿਸ ਨਾਲ ਰੇਲ ਯਾਤਰੀਆਂ ਦੇ ਅਨੁਭਵ ਨੂੰ ਬਿਹਤਰ ਬਣਾਇਆ ਜਾ ਸਕੇ।

## ਆਤਮਨਿਰਭਰ ਭਾਰਤ ਦਾ ਮਾਰਗ ਨਿਰਮਾਣ ਕਰਦੀ

# ਸਾਡੀ ਸਸ਼ਕਤ-ਪਾਰਦਰਸ਼ੀ ਪੰਚਾਇਤੀ ਰਾਜ ਵਿਵਸਥਾ



**ਨਰੇਂਦਰ ਸਿੰਘ ਤੋਮਰ**
ਪੰਚਾਇਤੀ ਰਾਜ, ਗ੍ਰਾਮੀਣ ਵਿਕਾਸ, ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ, ਭਾਰਤ ਸਰਕਾਰ

ਭਾਰਤ 'ਚ ਇੱਕ ਵਾਰ ਫਿਰ ਰਾਮਰਾਜ ਦੀ ਸਥਾਪਨਾ ਦਾ ਜੋ ਸੁਪਨਾ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੇ ਦੇਖਿਆ ਸੀ, ਉਸ ਦੀ ਨੀਂਹ 'ਚ ਦੇਸ਼ ਦੇ ਸਵਾ ਛੇ ਲੱਖ ਤੋਂ ਜ਼ਿਆਦਾ ਪਿੰਡਾਂ ਵਿੱਚ ਸਸ਼ਕਤ ਪੰਚਾਇਤੀ ਰਾਜ ਦੀ ਵਿਵਸਥਾ ਨਾਲ ਗ੍ਰਾਮੀਣ ਵਿਕਾਸ ਦਾ ਇੱਕ ਯੋਜਨਾਬੱਧ ਮਾਡਲ ਵੀ ਸੀ। ਗਾਂਧੀ ਜੀ ਸਦਾ ਕਹਿੰਦੇ ਸਨ ਕਿ ਸੱਚਾ ਲੋਕਤੰਤਰ ਰਾਜਧਾਨੀ 'ਚ ਬੈਠ ਕੇ ਰਾਜ ਚਲਾਉਣ ਨਾਲ ਨਹੀਂ ਹੁੰਦਾ, ਬਲਕਿ ਇਹ ਤਾਂ ਪਿੰਡ ਦੇ ਹਰੇਕ ਵਿਅਕਤੀ ਦੇ ਸਹਿਯੋਗ ਨਾਲ ਚਲਦਾ ਹੈ।

ਪ੍ਰਾਚੀਨ ਕਾਲ ਤੋਂ ਸਾਡੇ ਦੇਸ਼ ਵਿੱਚ ਪਿੰਡਾਂ ਦੇ ਵਿਕਾਸ ਤੇ ਉੱਥੋਂ ਦੇ ਸਮਾਜਕ ਤਾਣੇ–ਬਾਣੇ ਨੂੰ ਕਾਇਮ ਰੱਖਣ 'ਚ ਪੰਚਾਇਤਾਂ ਦੀ ਅਹਿਮ ਭੂਮਿਕਾ ਰਹੀ ਹੈ। ਭਾਵੇਂ ਇਨ੍ਹਾਂ ਪੰਚਾਇਤਾਂ ਦਾ ਕੋਈ ਸੰਵਿਧਾਨਕ ਢਾਂਚਾ ਨਾ ਰਿਹਾ ਹੋਵੇ ਲੇਕਿਨ ਪੰਚ ਤੇ ਪੰਚਾਇਤਾਂ ਪਿੰਡਾਂ ਵਿੱਚ ਵਿਕਾਸ ਦੇ ਨਾਲ ਹੀ ਆਪਸੀ ਵਿਵਾਦ ਸੁਲਝਾਉਣ ਦਾ ਇੱਕ ਮਜ਼ਬੂਤ ਥੰਮ੍ਹ ਰਹੇ ਹਨ। ਭਾਰਤ ਉੱਤੇ ਸੈਂਕੜੇ ਸਾਲਾਂ ਤੱਕ ਵਿਦੇਸ਼ੀ ਹਮਲੇ ਹੋਏ ਲੇਕਿਨ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਹਮਲਾਵਰ ਸਾਡੀ ਗ੍ਰਾਮੀਣ ਅਰਥਵਿਵਸਥਾ, ਪਿੰਡਾਂ 'ਚ ਪੰਚਾਇਤਾਂ ਰਾਹੀਂ ਡੂੰਘੀਆਂ ਜੜ੍ਹਾਂ ਵਾਲੇ ਸਮਾਜਕ ਸੰਤੁਲਨ ਅਤੇ ਏਕਤਾ ਦੇ ਤਾਣੇ–ਬਾਣੇ ਨੂੰ ਨਹੀਂ ਤੋੜ ਸਕੇ। ਖ਼ੁਦ ਅੰਗਰੇਜ਼ ਵਾਇਸਰਾਏ ਲਾਰਡ ਰਿਪਨ ਪ੍ਰਾਚੀਨ ਭਾਰਤੀ ਪੰਚਾਇਤੀ ਰਾਜ ਵਿਵਸਥਾ ਦੇ ਪ੍ਰਸ਼ੰਸਕ ਰਹੇ ਹਨ ਤੇ ਉਨ੍ਹਾਂ ਨੇ 1882 'ਚ ਭਾਰਤ ਵਿੱਚ ਗ੍ਰਾਮੀਣ ਪੱਧਰ ਉੱਤੇ ਜਿਸ ਸਥਾਨਕ ਸਵੈ–ਸ਼ਾਸਨ ਦੀ ਸ਼ੁਰੂਆਤ ਅੰਗਰੇਜ਼ੀ ਰਾਜ ਵਿੱਚ ਕੀਤੀ, ਉਹ ਸਾਡੀ ਪੁਰਾਤਨ ਪੰਚਾਇਤੀ ਰਾਜ ਵਿਵਸਥਾ ਉੱਤੇ ਹੀ ਅਧਾਰਿਤ ਸੀ।

ਸੰਵਿਧਾਨ ਦੀ 73ਵੀਂ ਸੋਧ ਰਾਹੀਂ ਦੇਸ਼ 'ਚ ਪੰਚਾਇਤੀ ਰਾਜ ਵਿਵਸਥਾ ਨੂੰ ਇੱਕ ਬੁਨਿਆਦੀ ਤੇ ਅਧਿਕਾਰ–ਸੰਪੰਨ ਢਾਂਚਾ ਪ੍ਰਦਾਨ ਕੀਤਾ ਗਿਆ ਹੈ। 24 ਅਪ੍ਰੈਲ, 1993 ਨੂੰ ਇਹ ਕਾਨੂੰਨ ਦੇਸ਼ ਵਿੱਚ ਲਾਗੂ ਹੋਇਆ ਤੇ ਇਸੇ ਲਈ ਅਸੀਂ ਇਹ ਦਿਨ 'ਪੰਚਾਇਤੀ ਰਾਜ ਦਿਵਸ' ਵਜੋਂ ਮਨਾਉਂਦੇ ਹਾਂ। ਦੇਸ਼ ਦੀਆਂ 2,55,487 ਗ੍ਰਾਮ ਪੰਚਾਇਤਾਂ ਤੇ ਲਗਭਗ ਸਾਢੇ ਸੱਤ ਹਜ਼ਾਰ ਮੱਧਵਰਤੀ ਤੇ ਜ਼ਿਲ੍ਹਾ ਪੰਚਾਇਤਾਂ ਦਾ ਸੰਵਿਧਾਨਕ ਸ਼ਕਤੀ–ਪ੍ਰਾਪਤ ਢਾਂਚਾ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀ ਵਿਵਸਥਾ ਦਾ ਮਜ਼ਬੂਤ ਅਧਾਰ ਥੰਮ੍ਹ ਬਣਦਾ ਹੈ। ਹਰ ਪੰਜ ਸਾਲਾਂ ਵਿੱਚ ਗ੍ਰਾਮੀਣ ਆਪਣੀਆਂ ਵੋਟਾਂ ਨਾਲ ਆਪਣੇ ਪਿੰਡ ਦੀ ਸਰਕਾਰ ਚੁਣਦੇ ਹਨ ਤੇ ਮਹਿਲਾ ਸਸ਼ਕਤੀਕਰਣ ਦੀ ਇਸ ਤੋਂ ਵੱਡੀ ਉਦਾਹਰਣ ਕੀ ਹੋਵੇਗੀ ਕਿ ਦੇਸ਼ ਦੇ 31.65 ਲੱਖ ਚੁਣੇ ਲੋਕ–ਨੁਮਾਇੰਦਿਆਂ ਵਿੱਚੋਂ ਲਗਭਗ 46 ਫੀਸਦੀ ਭਾਵ 14.53 ਲੱਖ ਸਾਡੀਆਂ ਭੈਣਾਂ ਹਨ, ਜੋ ਪੂਰੀ ਸਮਰੱਥਾ ਤੇ ਕੁਸ਼ਲਤਾ ਨਾਲ ਪਿੰਡਾਂ ਦੀ ਸਰਕਾਰ ਨੂੰ ਸੰਚਾਲਿਤ ਕਰ ਰਹੀਆਂ ਹਨ।

24 ਅਪ੍ਰੈਲ, 2020 ਨੂੰ ਪਿਛਲਾ ਪੰਚਾਇਤੀ ਰਾਜ ਦਿਵਸ ਕੋਵਿਡ–19 ਦੀਆਂ ਵਿਪਰੀਤ ਸਥਿਤੀਆਂ ਤੇ ਲੌਕਡਾਊਨ ਦੌਰਾਨ ਮਨਾਇਆ ਗਿਆ ਸੀ। ਇਸ ਮੌਕੇ ਸਾਡੇ ਮਾਣਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਨੇ ਦੇਸ਼ ਦੇ ਪੰਚਾਇਤ ਪ੍ਰਤੀਨਿਧਾਂ ਨਾਲ ਵਰਚੁਅਲ ਤਰੀਕੇ ਨਾਲ ਗੱਲਬਾਤ ਕਰਦਿਆਂ ਦੇਸ਼ ਦੇ ਪਿੰਡਾਂ ਨੂੰ ਦੋ ਵੱਡੇ ਤੋਹਫ਼ੇ ਦਿੱਤੇ ਸਨ। ਪ੍ਰਧਾਨ ਮੰਤਰੀ ਜੀ ਨੇ ਉਸ ਦਿਨ ਜਿਸ ਉਦੇਸ਼ਮੁਖੀ ਯੋਜਨਾ – 'ਸਵਾਮਿਤਵ' ਦੀ ਸ਼ੁਰੂਆਤ ਕੀਤੀ ਹੈ, ਉਹ ਆਜ਼ਾਦੀ ਦੇ ਬਾਅਦ ਹੁਣ ਤੱਕ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਅਤੇ ਸਥਾਪਤ ਕਰਨ ਵਿੱਚ ਸਭ ਤੋਂ ਵੱਡਾ ਕਦਮ ਹੈ। ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਜਨਮ ਜਯੰਤੀ ਦੇ 151ਵੇਂ ਸਾਲ 'ਚ ਪਿੰਡਾਂ ਵਿੱਚ ਰਹਿ ਰਹੇ 83 ਕਰੋੜ ਤੋਂ ਵੱਧ ਪਿੰਡਾਂ ਦੇ ਵਾਸੀਆਂ ਨੂੰ ਉਨ੍ਹਾਂ ਦੀ ਸੰਪਤੀ ਦਾ ਅਧਿਕਾਰ ਪ੍ਰਦਾਨ ਕਰਨਾ ਬਾਪੂ ਨੂੰ ਸੱਚੇ ਅਰਥਾਂ 'ਚ ਸ਼ਰਧਾਂਜਲੀ ਹੈ। ਗ੍ਰਾਮੀਣਾਂ ਦੇ ਪਾਸ ਉਨ੍ਹਾਂ ਦੇ ਮਕਾਨ

> "ਸਸ਼ਕਤ, ਸੰਸਾਧਨਾਂ ਨਾਲ ਯੁਕਤ ਤੇ ਪਾਰਦਰਸ਼ੀ ਪੰਚਾਇਤੀ ਰਾਜ ਵਿਵਸਥਾ ਆਤਮਨਿਰਭਰ ਭਾਰਤ ਦੇ ਸੰਕਲਪ ਦੀ ਸਿੱਧੀ ਦਾ ਮਾਰਗ ਹੈ।"

ਦਾ ਅਜਿਹਾ ਕੋਈ ਦਸਤਾਵੇਜ਼ ਨਹੀਂ ਸੀ, ਜੋ ਇਹ ਦਾਅਵਾ ਕਰਦਾ ਹੋਵੇ ਕਿ ਉਹ ਹੀ ਉਸ ਦੇ ਮਾਲਕ ਹਨ। ਸਵਾਮਿਤਵ ਯੋਜਨਾ ਦੇ ਤਹਿਤ ਡ੍ਰੋਨ ਟੈਕਨੋਲੋਜੀ ਦੇ ਮਾਧਿਅਮ ਰਾਹੀਂ ਤਿਆਰ ਹੋ ਰਹੇ ਪਿੰਡਾਂ ਦੇ ਡਿਜੀਟਲ ਨਕਸ਼ੇ ਨਾ ਸਿਰਫ਼ ਪਿੰਡਾਂ ਦੇ ਵਾਸੀਆਂ ਨੂੰ ਉਨ੍ਹਾਂ ਦੀ ਸੰਪਤੀ ਦਾ ਅਧਿਕਾਰ ਪ੍ਰਦਾਨ ਕਰਨਗੇ, ਬਲਕਿ ਦੇਸ਼ ਦੇ ਹਰੇਕ ਪਿੰਡ ਦੇ ਯੋਜਨਾਬੱਧ ਵਿਕਾਸ ਦਾ ਵੀ ਅਧਾਰ ਬਣਨਗੇ। ਪਿਛਲੇ ਸਾਲ 6 ਰਾਜਾਂ 'ਚ ਪਾਇਲਟ ਗੇੜ ਦੇ ਤੌਰ ਉੱਤੇ ਸ਼ੁਰੂ ਕੀਤੀ ਗਈ 'ਸਵਾਮਿਤਵ ਯੋਜਨਾ' ਨੂੰ ਇਸ ਵਰ੍ਹੇ ਕੇਂਦਰੀ ਬਜਟ 'ਚ ਸਾਰੇ ਦੇਸ਼ ਵਿੱਚ ਲਾਗੂ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਪਿਛਲੇ ਪੰਚਾਇਤੀ ਰਾਜ ਦਿਵਸ ਮੌਕੇ ਪ੍ਰਧਾਨ ਮੰਤਰੀ ਜੀ ਨੇ ਏਕੀਕ੍ਰਿਤ ਈ-ਗ੍ਰਾਮ ਸਵਰਾਜ ਪੋਰਟਲ ਤੇ ਇਸ ਦੀ ਮੋਬਾਈਲ ਐਪ ਦੀ ਵੀ ਸ਼ੁਰੂਆਤ ਕਰਕੇ ਪੰਚਾਇਤਾਂ 'ਚ ਇੱਕ ਪਾਰਦਰਸ਼ੀ ਤੇ ਤੇਜ਼ ਰਫ਼ਤਾਰ ਵਿਵਸਥਾ ਦੀ ਵੀ ਸ਼ੁਰੂਆਤ ਕੀਤੀ ਸੀ।

ਪਿਛਲੇ ਪੰਚਾਇਤੀ ਰਾਜ ਦਿਵਸ ਮੌਕੇ ਪ੍ਰਧਾਨ ਮੰਤਰੀ ਜੀ ਨੇ ਕੋਰੋਨਾ ਦੀ ਜੰਗ ਲੜਨ ਲਈ ਜੋ ਮੰਤਰ ਪੰਚਾਇਤਾਂ ਦੇ ਲੋਕ ਨੁਮਾਇੰਦਿਆਂ ਨਾਲ ਆਪਣੇ ਸੰਵਾਦ 'ਚ ਦਿੱਤਾ ਸੀ, ਉਸੇ ਦੇ ਅਧਾਰ ਉੱਤੇ ਪੰਚਾਇਤਾਂ ਨੇ ਕੋਵਿਡ-19 ਦੀ ਲਾਗ ਰੋਕਣ ਤੇ ਆਪਦਾ ਦੀ ਇਸ ਘੜੀ 'ਚ ਬੇਰੋਜ਼ਗਾਰ ਹੋ ਕੇ ਆਪਣੇ ਪਿੰਡਾਂ ਨੂੰ ਪਰਤੇ ਪ੍ਰਵਾਸੀ ਮਜ਼ਦੂਰਾਂ ਤੇ ਹੋਰ ਪ੍ਰਭਾਵਿਤਾਂ ਨੂੰ ਜੋ ਸਹਿਯੋਗ ਤੇ ਬਲ ਪ੍ਰਦਾਨ ਕੀਤਾ ਹੈ, ਉਹ ਬੇਹੱਦ ਸ਼ਲਾਘਾਯੋਗ ਹੈ। ਸੰਕਟ ਦੇ ਇਸ ਕਾਲ 'ਚ ਮਨਰੇਗਾ ਤੇ ਗ਼ਰੀਬ ਕਲਿਆਣ ਰੋਜਗਾਰ ਯੋਜਨਾ ਨੇ ਪਿੰਡਾਂ 'ਚ ਹਰ ਗ਼ਰੀਬ ਤੇ ਜ਼ਰੂਰਤਮੰਦ ਨੂੰ ਰੋਜ਼ਗਾਰ ਮੁਹੱਈਆ ਕਰਵਾ ਕੇ ਇੱਕ ਨਵਾਂ ਇਤਿਹਾਸ ਲਿਖਿਆ ਹੈ। ਪਿਛਲੇ ਵਿੱਤ ਵਰ੍ਹੇ 'ਚ ਮਨਰੇਗਾ ਅਧੀਨ ਰਿਕਾਰਡ 387.66 ਕਰੋੜ ਮਾਨਵ ਦਿਵਸ ਰੋਜ਼ਗਾਰ ਪੈਦਾ ਹੋਇਆ ਤੇ ਸਵਾ 11 ਕਰੋੜ ਤੋਂ ਵੱਧ ਪਿੰਡਾਂ ਦੇ ਵਾਸੀਆਂ ਨੂੰ ਰੋਜ਼ਗਾਰ ਮਿਲਿਆ। ਇਸੇ ਤਰ੍ਹਾਂ ਗ਼ਰੀਬ ਕਲਿਆਣ ਰੋਜਗਾਰ ਯੋਜਨਾ ਅਧੀਨ 50.78 ਕਰੋੜ ਮਾਨਵ ਦਿਵਸ ਰੋਜ਼ਗਾਰ ਪੈਦਾ ਕੀਤਾ ਗਿਆ।



**ਵਰਤਮਾਨ ਦੇ ਨਾਲ ਇੱਥੇ ਭਵਿੱਖ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਸ਼ਹਿਰਾਂ ਦੀ ਤਰ੍ਹਾਂ ਅਸੀਂ ਪਿੰਡਾਂ ਵਿੱਚ ਸੁਨਿਯੋਜਿਤ ਵਿਕਾਸ 'ਤੇ ਧਿਆਨ ਦਿੱਤਾ**

ਅਸੀਂ ਲਗਾਤਾਰ ਸਸ਼ਕਤ, ਪਾਰਦਰਸ਼ੀ, ਪ੍ਰਭਾਵੀ ਤੇ ਜਨ ਕਲਿਆਣ ਲਈ ਸਮਰਪਿਤ ਪੰਚਾਇਤੀ ਰਾਜ ਵਿਵਸਥਾ ਵੱਲ ਵਧ ਰਹੇ ਹਾਂ। ਪੰਚਾਇਤਾਂ ਨੂੰ ਆਰਥਿਕ ਤੌਰ ਉੱਤੇ ਸਸ਼ਕਤ ਬਣਾ ਕੇ ਪਿੰਡਾਂ ਦੇ ਵਿਕਾਸ ਲਈ ਕੇਂਦਰੀ ਵਿੱਤ ਕਮਿਸ਼ਨ ਦੀ ਭੂਮਿਕਾ ਸਭ ਤੋਂ ਅਹਿਮ ਰਹੀ ਹੈ। ਚੌਧਵੇਂ ਵਿੱਤ ਕਮਿਸ਼ਨ (ਸਾਲ 2015-2020) ਅਧੀਨ 2 ਲੱਖ 292 ਕਰੋੜ ਰੁਪਏ ਦੀ ਰਕਮ ਗ੍ਰਾਮ ਪੰਚਾਇਤਾਂ ਨੂੰ ਦੇਣ ਦੀ ਸਿਫ਼ਾਰਸ਼ ਕੀਤੀ ਗਈ, ਜੋ 13ਵੇਂ ਵਿੱਤ ਕਮਿਸ਼ਨ ਤੋਂ ਤਿੰਨ-ਗੁਣਾ ਵੱਧ ਸੀ। ਪਿਛਲੇ ਵਰ੍ਹੇ 2020-21 'ਚ 15ਵੇਂ ਵਿੱਤ ਕਮਿਸ਼ਨ ਦੀ ਅੰਤ੍ਰਿਮ ਸਿਫ਼ਾਰਸ਼ ਅਧੀਨ 60,750 ਕਰੋੜ ਰੁਪਏ ਦੀ ਸਿਫ਼ਾਰਸ਼ ਕੀਤੀ ਗਈ, ਜੋ ਹੁਣ ਤੱਕ ਦਿੱਤੀ ਗਈ ਸਭ ਤੋਂ ਵੱਧ ਸਲਾਨਾ ਰਕਮ ਰਹੀ ਹੈ ਤੇ ਸਰਕਾਰ ਨੇ ਇਸ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ ਹੈ। ਪੰਦਰ੍ਹਵੇਂ ਵਿੱਤ ਕਮਿਸ਼ਨ (ਸਾਲ 2021-2026) ਦੀ ਸਿਫ਼ਾਰਸ਼ ਵਿੱਚ ਸਥਾਨਕ ਗ੍ਰਾਮੀਣ ਇਕਾਈਆਂ ਲਈ 2,36,805 ਕਰੋੜ ਰੁਪਏ ਦੀ ਰਕਮ ਪ੍ਰਦਾਨ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਗ੍ਰਾਮੀਣ ਖੇਤਰ ਵਿੱਚ ਸਿਹਤ ਸੁਵਿਧਾਵਾਂ ਦੀ ਬਿਹਤਰੀ ਲਈ 43,928 ਕਰੋੜ ਰੁਪਏ ਵੱਖਰੇ ਤੌਰ 'ਤੇ ਦੇਣ ਦੀ ਸਿਫ਼ਾਰਸ਼ ਕਮਿਸ਼ਨ ਨੇ ਕੀਤੀ ਹੈ। ਭਾਰਤ ਸਰਕਾਰ ਨੇ ਇਨ੍ਹਾਂ ਸਿਫ਼ਾਰਸ਼ਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ ਹੈ।

ਪਿੰਡਾਂ ਦੇ ਯੋਜਨਾਬੱਧ ਵਿਕਾਸ ਤੇ ਵਿੱਤ ਕਮਿਸ਼ਨ ਦੀ ਰਕਮ ਦੀ ਪਾਰਦਰਸ਼ੀ ਤੇ ਪ੍ਰਭਾਵੀ ਵਰਤੋਂ ਲਈ ਦੇਸ਼ ਦੀਆਂ 96 ਫੀਸਦੀ ਗ੍ਰਾਮ ਪੰਚਾਇਤਾਂ ਵੱਲੋਂ 'ਗ੍ਰਾਮ ਪੰਚਾਇਤ ਵਿਕਾਸ ਯੋਜਨਾ' (GPDP) ਦਾ ਨਿਰਮਾਣ ਕਰਕੇ ਉਸ ਨੂੰ ਲਾਗੂ ਕਰਨਾ ਤੇ ਇਸ ਸਾਲ ਤੋਂ ਜ਼ਿਲ੍ਹਾ ਤੇ ਮੱਧਵਰਤੀ ਪੰਚਾਇਤਾਂ ਦੁਆਰਾ ਵੀ ਵਿਕਾਸ ਯੋਜਨਾਵਾਂ ਦਾ ਨਿਰਮਾਣ ਖ਼ੁਦ ਸਿੱਧ ਕਰਦਾ ਹੈ ਕਿ ਪਿੰਡ ਵੀ ਹੁਣ ਸ਼ਹਿਰਾਂ ਵਾਂਗ ਇੱਕ ਯੋਜਨਾਬੱਧ ਵਿਕਾਸ ਦੀ ਦਿਸ਼ਾ ਵਿੱਚ ਵਧ ਰਹੇ ਹਨ, ਜਿੱਥੇ ਅੱਜ ਦੇ ਨਾਲ ਭਵਿੱਖ ਦੀਆਂ ਜ਼ਰੂਰਤਾਂ ਨੂੰ ਵੀ ਧਿਆਨ 'ਚ ਰੱਖਿਆ ਜਾ ਰਿਹਾ ਹੈ। ਗ੍ਰਾਮ ਪੰਚਾਇਤ ਵਿਕਾਸ ਯੋਜਨਾਵਾਂ ਰਾਜਧਾਨੀ 'ਚ ਤੈਅ ਨਹੀਂ ਹੋ ਰਹੀਆਂ, ਬਲਕਿ ਜਨ ਯੋਜਨਾ ਅਭਿਯਾਨ ਰਾਹੀਂ ਪਿੰਡਾਂ 'ਚ ਹੀ ਤਿਆਰ ਕੀਤੀਆਂ ਜਾ ਰਹੀਆਂ ਹਨ।

ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਨੇ ਸਾਲ 2018 'ਚ ਪੰਚਾਇਤੀ ਰਾਜ ਦਿਵਸ ਮੌਕੇ 'ਰਾਸ਼ਟਰੀ ਗ੍ਰਾਮ ਸਵਰਾਜ ਅਭਿਯਾਨ' (RGSA) ਦੀ ਸ਼ੁਰੂਆਤ ਕੀਤੀ ਸੀ। ਚੁਣੇ ਨੁਮਾਇੰਦਿਆਂ ਅਤੇ ਪੰਚਾਇਤਾਂ ਦੇ ਹੋਰ ਹਿਤਧਾਰਕਾਂ ਨੂੰ ਸਿਖਲਾਈ ਰਾਹੀਂ ਸਮਰੱਥਾ ਨਿਰਮਾਣ ਲਈ ਸਰਕਾਰ ਦਾ ਇਹ ਕਦਮ ਮੀਲ ਦਾ ਪੱਥਰ ਸਿੱਧ ਹੋਇਆ ਹੈ। ਸਾਲ 2018 ਤੋਂ ਕੇਂਦਰੀ ਵਿੱਤ ਕਮਿਸ਼ਨ ਦੀ ਫ਼ੰਡ ਦੇ ਉਪਯੋਗ ਲਈ 'ਪ੍ਰਿਆ' ਸੌਫਟਵੇਅਰ (Panchayati Raj Institutions Accounting Sotware) ਦਾ ਪ੍ਰਭਾਵੀ ਉਪਯੋਗ, ਵਿੱਤ ਕਮਿਸ਼ਨ ਦੀ ਰਾਸ਼ੀ ਨਾਲ ਤਿਆਰ ਹਰੇਕ ਸੰਪਤੀ ਜੀਓ ਟੈਗਿੰਗ ਤੇ ਫ਼ੋਟੋ ਅਪਲੋਡ ਕਰਨ ਜਿਹੀਆਂ ਪ੍ਰਕਿਰਿਆਵਾਂ ਨਾਲ ਪੰਚਾਇਤੀ ਰਾਜ ਵਿਵਸਥਾ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਤੇ ਤੇਜ਼-ਰਫ਼ਤਾਰ ਬਣਾ ਦਿੱਤਾ ਹੈ। ਈ-ਗ੍ਰਾਮ ਸਵਰਾਜ ਐਪਲੀਕੇਸ਼ਨ ਦੇ ਮਾਧਿਅਮ ਰਾਹੀਂ ਜਿੱਥੇ ਪੰਚਾਇਤਾਂ ਦੇ ਕੰਮਕਾਜ ਵਿੱਚ ਤੇਜ਼ੀ ਆਈ ਹੈ, ਉੱਥੇ ਹਰੇਕ ਕੰਮ ਦੀ ਰਿਪੋਰਟਿੰਗ, ਟ੍ਰੈਕਿੰਗ ਤੇ ਮਾਨੀਟਰਿੰਗ ਵੀ ਸਰਲ ਹੋਈ ਹੈ। 23 ਰਾਜਾਂ ਵਿੱਚ 14ਵੇਂ ਵਿੱਤ ਕਮਿਸ਼ਨ ਦੇ ਖਾਤਿਆਂ ਦੀ ਔਨਲਾਈਨ ਆਡਿਟ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਲੈ ਕੇ ਦੂਰ-ਦੁਰਾਡੇ ਦੇ ਪਿੰਡ ਦੀ ਪੰਚਾਇਤ ਵਿਚਲੀ ਦੂਰੀ ਸੂਚਨਾ ਟੈਕਨੋਲੋਜੀ ਦੇ ਇਸ ਯੁਗ ਵਿੱਚ ਘੱਟ ਹੀ ਨਹੀਂ ਹੋਈ, ਬਲਕਿ ਖ਼ਤਮ ਹੋ ਗਈ ਹੈ। ਦਿੱਲੀ ਤੋਂ ਜੇ ਹੁਣ 100 ਰੁਪਏ ਜਾਰੀ ਹੁੰਦੇ ਹਨ, ਤਾਂ ਉਸ ਦੀ ਇੱਕ-ਇੱਕ ਪਾਈ ਪਿੰਡ ਦੇ ਵਿਕਾਸ ਤੇ ਭਲਾਈ ਵਿੱਚ ਉਪਯੋਗ ਹੁੰਦੀ ਹੈ। ਪਿਛਲੇ ਸੱਤ ਸਾਲਾਂ 'ਚ ਸਰਕਾਰ ਵੱਲੋਂ ਕੀਤੇ ਗਏ ਪ੍ਰਭਾਵੀ ਸੁਧਾਰਾਂ 'ਚ ਜ਼ਮੀਨੀ ਪੱਧਰ ਉੱਤੇ ਲੋਕਤੰਤਰ ਦ੍ਰਿੜ੍ਹ ਹੋਇਆ ਹੈ। ਪ੍ਰਧਾਨ ਮੰਤਰੀ ਜੀ ਸਦਾ ਆਖਦੇ ਹਨ ਕਿ ਆਤਮਨਿਰਭਰ ਪਿੰਡ ਹੀ ਆਤਮਨਿਰਭਰ ਭਾਰਤ ਦਾ ਨਿਰਮਾਣ ਕਰ ਸਕਦੇ ਹਨ। ਸਸ਼ਕਤ, ਸੰਸਾਧਨਾਂ ਨਾਲ ਯੁਕਤ ਤੇ ਪਾਰਦਰਸ਼ੀ ਪੰਚਾਇਤੀ ਰਾਜ ਵਿਵਸਥਾ ਆਤਮਨਿਰਭਰ ਭਾਰਤ ਦੇ ਸੰਕਲਪ ਦੀ ਸਿੱਧੀ ਦਾ ਮਾਰਗ ਹੈ। ●



# ਮੱਧ-ਵਰਗ ਦੇ ਪਰਿਵਾਰਾਂ ਦਾ ਜੀਵਨ ਬਣ ਰਿਹਾ ਸੁਖਾਲਾ

*'ਮੱਧ-ਵਰਗ ਚਮਤਕਾਰ ਕਰਨ ਦੀ ਤਾਕਤ ਰੱਖਦਾ ਹੈ। ਈਜ਼ ਆਫ੍ ਲਿਵਿੰਗ ਦਾ ਸਭ ਤੋਂ ਵੱਡਾ ਲਾਭ ਜੇ ਕਿਸੇ ਨੂੰ ਹੋਣਾ ਹੈ, ਤਾਂ ਮੇਰੇ ਮੱਧ-ਵਰਗ ਦੇ ਪਰਿਵਾਰਾਂ ਨੂੰ ਹੋਣਾ ਹੈ। ਸਸਤੇ ਇੰਟਰਨੈੱਟ ਦੀ ਗੱਲ ਹੋਵੇ, ਭਾਵੇਂ ਸਸਤੇ ਸਮਾਰਟਫ਼ੋਨ ਦੀ ਗੱਲ ਹੋਵੇ ਜਾਂ ਉਡਾਨ ਦੇ ਤਹਿਤ ਹਵਾਈ ਜਹਾਜ਼ ਦੀਆਂ ਟਿਕਟਾਂ ਬਹੁਤ ਸਸਤੀਆਂ ਹੋ ਜਾਣ ਦੀ ਗੱਲ ਹੋਵੇ ਜਾਂ ਸਾਡੇ ਹਾਈ-ਵੇਜ਼ ਹੋਣ ਜਾਂ ਇਨਫਰਮੇਸ਼ਨ-ਵੇਜ਼ ਹੋਣ, ਇਹ ਸਾਰੀਆਂ ਚੀਜ਼ਾਂ ਮੱਧ ਵਰਗ ਦੀ ਤਾਕਤ ਵਧਾਉਣ ਵਾਲੀਆਂ ਹਨ।'*

— ਨਰੇਂਦਰ ਮੋਦੀ, ਪ੍ਰਧਾਨ ਮੰਤਰੀ

**ਈਜ਼ ਆਫ੍ ਲਿਵਿੰਗ ਇੰਡੈਕਸ - 2020 ਨੇ ਦੱਸਿਆ ਕਿ ਕਿਹੜੇ ਸ਼ਹਿਰ ਜੀਵਨ ਜੀਣ ਦੀ ਅਸਾਨੀ ਦੇ ਮਾਮਲੇ 'ਚ ਅੱਵਲ ਹਨ ਤੇ ਕਿੱਥੇ ਸਰਕਾਰ ਦੀ ਪਹਿਲ ਨਾਲ ਸ਼ਹਿਰ-ਨਗਰਪਾਲਿਕਾਵਾਂ ਦਾ ਵਿਕਾਸ ਉਸ ਨੂੰ ਸਮਾਰਟ-ਸਿਟੀ ਬਣਾ ਕੇ ਖ਼ਾਸ ਤੌਰ ਉੱਤੇ ਮੱਧ-ਵਰਗ ਦੇ ਜੀਵਨ ਪੱਧਰ ਵਿੱਚ ਬੁਨਿਆਦੀ ਤਬਦੀਲੀ ਲਿਆ ਰਿਹਾ ਹੈ। ਸਮਾਰਟ ਸਿਟੀ ਦਾ ਮਤਲਬ ਹੈ - ਸ਼ਹਿਰਾਂ ਦੀ ਕਾਇਆਕਲਪ, ਸੁਸ਼ਾਸਨ, ਜਵਾਬਦੇਹੀ ਤੇ ਜੀਵਨ ਜਿਉਣ ਦੀ ਅਸਾਨੀ**

ਈਜ਼ ਆਫ੍ ਲਿਵਿੰਗ' ਯਾਨੀ ਜੀਵਨ ਜਿਉਣ ਦੀ ਅਸਾਨੀ ਹਰੇਕ ਵਿਅਕਤੀ ਤੱਕ ਕਿਵੇਂ ਪਹੁੰਚੇ, ਇਸ ਲਈ ਯੋਜਨਾ ਬਣਾਉਣ ਨਾਲ ਹੀ ਨਹੀਂ, ਬਲਕਿ ਉਸ ਤੋਂ ਆਮ ਲੋਕ ਕਿਵੇਂ ਮਹਿਸੂਸ ਕਰਦੇ ਹਨ, ਇਸੇ ਦੀ ਪਰਖ ਦਾ ਤਰੀਕਾ ਹੈ – ਈਜ਼ ਆਫ੍ ਲਿਵਿੰਗ ਇੰਡੈਕਸ। ਜਿਸ ਰਾਹੀਂ ਇੱਕ ਪਾਸੇ ਜਿੱਥੇ ਜੀਵਨ ਦੀ ਗੁਣਵੱਤਾ ਤੇ ਸ਼ਹਿਰਾਂ ਦੇ ਵਿਕਾਸ ਦੀ ਅਸਲੀ ਤਸਵੀਰ ਦਿਖਦੀ ਹੈ, ਉੱਥੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਲੋਕਾਂ ਦਾ ਨਜ਼ਰੀਆ ਵੀ ਪਤਾ ਲਗਦਾ ਹੈ। ਕੇਂਦਰੀ ਆਵਾਸ ਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਮਾਰਚ ਮਹੀਨੇ ਔਨਲਾਈਨ ਆਯੋਜਨ 'ਚ 2020 ਲਈ ਈਜ਼ ਆਫ੍ ਲਿਵਿੰਗ ਇੰਡੈਕਸ ਦੇ ਨਾਲ–ਨਾਲ ਨਗਰਪਾਲਿਕਾ ਕਾਰਗੁਜ਼ਾਰੀ ਸੂਚੀ ਦੀ ਅੰਤਿਮ ਰੈਂਕਿੰਗ ਜਾਰੀ ਕੀਤੀ। ਇੰਡੈਕਸ 2020 'ਚ ਉਨ੍ਹਾਂ ਸ਼ਹਿਰਾਂ ਲਈ ਐਲਾਨ ਕੀਤੇ ਗਏ ਹਨ, ਜਿਨ੍ਹਾਂ ਦੀ ਆਬਾਦੀ 10 ਲੱਖ ਤੋਂ ਵੱਧ ਅਤੇ 10 ਲੱਖ ਤੋਂ ਘੱਟ ਹੈ। ਸਾਲ 2020 'ਚ ਆਯੋਜਿਤ ਮੁਕਾਬਲੇ ਵਿੱਚ 111 ਸ਼ਹਿਰਾਂ ਦੇ 32 ਲੱਖ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਸੀ। 'ਈਜ਼ ਆਫ੍ ਡੂਇੰਗ ਬਿਜ਼ਨਸ' ਦੇ ਨਾਲ–ਨਾਲ 'ਈਜ਼ ਆਫ੍ ਲਿਵਿੰਗ' ਉੱਤੇ ਵੀ ਪ੍ਰਧਾਨ ਮੰਤਰੀ ਲਗਾਤਾਰ ਜ਼ੋਰ ਦਿੰਦੇ ਆ ਰਹੇ ਹਨ। ਇਸ ਇੰਡੈਕਸ ਦਾ ਮਕਸਦ ਸਿੱਖਿਆ, ਸਿਹਤ, ਆਵਾਸ, ਮਨੋਰੰਜਨ, ਸੁਰੱਖਿਆ, ਆਰਥਿਕ ਵਿਕਾਸ, ਵਾਤਾਵਰਣ, ਬਿਜਲੀ ਖਪਤ ਜਿਹੀਆਂ 13 ਸ਼੍ਰੇਣੀਆਂ ਵਿੱਚ 49 ਸੰਕੇਤਕਾਂ ਨਾਲ ਜੀਵਨ ਦੀ ਗੁਣਵੱਤਾ ਦਾ ਮੁੱਲਾਂਕਣ ਕਰਨਾ ਹੈ। ●




## ਟੌਪ 10 ਸ਼ਹਿਰ
(10 ਲੱਖ ਤੋਂ ਵੱਧ ਆਬਾਦੀ)

01 ਬੰਗਲੁਰੂ
02 ਪੁਣੇ
03 ਅਹਿਮਦਾਬਾਦ
04 ਚੇਨਈ
05 ਸੂਰਤ
06 ਨਵੀਂ ਮੁੰਬਈ
07 ਕੋਇੰਬਟੂਰ
08 ਵੜੋਦਰਾ
09 ਇੰਦੌਰ
10 ਗ੍ਰੇਟਰ ਮੁੰਬਈ

## ਟੌਪ 10 ਸ਼ਹਿਰ
(10 ਲੱਖ ਤੋਂ ਘੱਟ ਆਬਾਦੀ)

01 ਸ਼ਿਮਲਾ
02 ਭੁਵਨੇਸ਼ਵਰ
03 ਸਿਲਵਾਸਾ
04 ਕਾਕੀਨਾਡਾ
05 ਸਲੇਮ
06 ਵੇੱਲੋਰ
07 ਗਾਂਧੀਨਗਰ
08 ਗੁਰੂਗ੍ਰਾਮ
09 ਦਾਵਣਗੇਰੇ
10 ਤਿਰੂਚਿਰਾਪੱਲੀ




**ਚੋਟੀ ਦੀਆਂ ਨਗਰਪਾਲਿਕਾਵਾਂ**

*10 ਲੱਖ ਤੋਂ ਵੱਧ ਆਬਾਦੀ ਵਾਲੀ ਨਗਰਪਾਲਿਕਾ 'ਚ ਇੰਦੌਰ ਨੰਬਰ ਵੰਨ ਉੱਤੇ ਹੈ। ਉਸ ਤੋਂ ਬਾਅਦ ਸੂਰਤ ਤੇ ਭੋਪਾਲ ਨੂੰ ਜਗ੍ਹਾ ਮਿਲੀ ਹੈ। ਜਦਕਿ 10 ਲੱਖ ਤੋਂ ਘੱਟ ਵਾਲੀ ਸ਼੍ਰੇਣੀ ਵਿੱਚ ਨਵੀਂ ਦਿੱਲੀ ਟੌਪ 'ਤੇ ਹੈ। ਉਸ ਤੋਂ ਬਾਅਦ ਤਿਰੂਪਤੀ ਤੇ ਗਾਂਧੀਨਗਰ ਦਾ ਸਥਾਨ ਹੈ।*



# ਸੱਤਿਆਜੀਤ ਰੇਅ

## ਜਿਨ੍ਹਾਂ ਕਰਕੇ ਦੁਨੀਆ ਨੇ ਭਾਰਤ ਦੇ ਸਿਨੇਮਾ ਨੂੰ ਜਾਣਿਆ

**ਦੁਨੀਆ ਦੇ ਮਹਾਨ ਫ਼ਿਲਮਸਾਜ਼ਾਂ 'ਚੋਂ ਇੱਕ ਅਕਿਰੋ ਕੁਰੋਸੋਵਾ ਨੇ ਕਿਹਾ ਸੀ - ਸੱਤਿਆਜੀਤ ਰੇਅ ਦੀਆਂ ਫ਼ਿਲਮਾਂ ਬਾਰੇ ਨਾ ਜਾਣਨ ਦਾ ਮਤਲਬ ਸੂਰਜ ਤੇ ਚੰਨ ਵਿਹੂਣੀ ਦੁਨੀਆ 'ਚ ਰਹਿਣਾ ਹੈ। ਮਹਾਨ ਫ਼ਿਲਮਸਾਜ਼ ਸੱਤਿਆਜੀਤ ਰੇਅ ਨੇ 23 ਅਪ੍ਰੈਲ ਦੇ ਦਿਨ ਹੀ ਸਾਡੇ ਤੋਂ ਵਿਦਾ ਲਈ ਸੀ ਪਿੱਛੇ ਰਹਿ ਗਈ 'ਪਥੇਰ ਪਾਂਚਾਲੀ' ਜਿਹੀਆਂ ਉਹ ਫ਼ਿਲਮਾਂ ਜਿਨ੍ਹਾਂ ਵਿੱਚ ਪਹਿਲੀ ਵਾਰ ਦੁਨੀਆ ਨੇ ਭਾਰਤ ਦੇ ਸਿਨੇਮਾ ਦੀ ਝਲਕ ਦੇਖੀ...**



**ਜਨਮ: 2 ਮਈ 1921, ਦੇਹਾਂਤ: 23 ਅਪ੍ਰੈਲ 1992**

ਬਹੁ ਦਿਨ ਧੋਰੇ ਬਹੁ ਕ੍ਰੋਸ਼ੇ ਦੂਰੇ,
ਬਹੁ ਵਯਯ ਕੋਰੇ ਬਹੁ ਦੇਸ਼ੇ ਘੂਰੇ
ਦੇਖਿਤੇ ਗਿਯੇਛੀ ਪਰਵਤ ਮਾਲਾ
ਦੇਖਿਤੇ ਗਿਯੇਛੀ ਸਿੰਧੂ
ਦੇਖਾ ਹੋਯ ਨਾਈ ਚਕਸ਼ੂ ਮੇਲਿਯਾ
ਘਰ ਹੋਤੇ ਸੁਧੁ ਦੁਈ ਪਾ ਫੇਲਿਯਾ
ਏਕ ਟਿ ਧਾਨੇਰ ਸ਼ੀਸ਼ੇਰ ਊਪਰੇ
ਏਕ ਟਿ ਸ਼ਿਸ਼ਿਰ ਬਿੰਦੂ

ਬੰਗਲਾ 'ਚ ਲਿਖੀ ਇਹ ਕਵਿਤਾ ਗੁਰੂਦੇਵ ਰਬਿੰਦਰ ਨਾਥ ਟੈਗੋਰ ਨੇ ਉਸ ਬਾਲਕ ਦੀ ਨੋਟਬੁੱਕ 'ਚ ਲਿਖੀ ਸੀ, ਜੋ ਸ਼ਾਂਤੀ ਨਿਕੇਤਨ 'ਚ ਆਪਣੀ ਮਾਂ ਨਾਲ ਉਨ੍ਹਾਂ ਨੂੰ ਮਿਲਣ ਆਇਆ ਸੀ। ਮਾਂ ਨੇ ਮਤਲਬ ਸਮਝਾਉਣ ਲਈ ਕਿਹਾ, ਤਾਂ ਗੁਰੂਦੇਵ ਬੋਲੇ – ਜਦੋਂ ਵੱਡਾ ਹੋਵੇਗਾ, ਤਾਂ ਸਮਝ ਜਾਵੇਗਾ। ਇਸ ਕਵਿਤਾ ਦੇ ਰੂਪ ਵਿੱਚ ਗੁਰੂਦੇਵ ਤੋਂ ਸੂਤਰ ਲੈਣ ਵਾਲੇ ਇਸ ਬਾਲਕ ਦਾ ਨਾਮ ਮਾਣਿਕ ਸੀ। ਜਦੋਂ ਉਹ ਵੱਡਾ ਹੋਇਆ, ਤਾਂ ਦੁਨੀਆ ਨੇ ਉਸ ਨੂੰ ਦੁਨੀਆ ਦੇ ਮਹਾਨ ਫ਼ਿਲਮਸਾਜ਼ਾਂ ਵਿੱਚੋਂ ਇੱਕ ਸੱਤਿਆਜੀਤ ਰੇਅ ਦੇ ਨਾਮ ਨਾਲ ਜਾਣਿਆ।

2 ਮਈ, 1921 ਨੂੰ ਕੋਲਕਾਤਾ 'ਚ ਪੈਦਾ ਹੋਏ ਸੱਤਿਆਜੀਤ ਰੇਅ ਕੇਵਲ 3 ਸਾਲਾਂ ਦੇ ਸਨ, ਜਦੋਂ ਉਨ੍ਹਾਂ ਦੇ ਪਿਤਾ ਜੀ ਨਹੀਂ ਰਹੇ। ਮਾਂ ਨੇ ਉਨ੍ਹਾਂ ਨੂੰ ਬਹੁਤ ਮੁਸ਼ਕਿਲ ਨਾਲ ਪਾਲਿਆ। ਉਨ੍ਹਾਂ ਸਭ ਤੋਂ ਪਹਿਲਾਂ ਪ੍ਰੈਜ਼ੀਡੈਂਸੀ ਕਾਲਜ ਤੇ ਫਿਰ ਸ਼ਾਂਤੀ ਨਿਕੇਤਨ 'ਚ ਪੜ੍ਹਾਈ ਕੀਤੀ। ਇਸ ਤੋਂ ਬਾਅਦ ਗ੍ਰਾਫ਼ਿਕ ਡਿਜ਼ਾਈਨਰ ਵਜੋਂ ਕੰਮ ਕਰਨ ਲਗੇ। ਜਿਮ ਕੌਰਬੈੱਟ ਦੀ 'ਮੈਨ ਈਟਰਸ ਆਵ੍ ਕੁਮਾਊਂ' ਅਤੇ ਪੰਡਿਤ ਜਵਾਹਰਲਾਲ ਨਹਿਰੂ ਦੀ 'ਡਿਸਕਵਰੀ ਆਵ੍ ਇੰਡੀਆ' ਦਾ ਕਵਰ ਪੇਜ ਸੱਤਿਆਜੀਤ ਰੇਅ ਨੇ ਹੀ ਡਿਜ਼ਾਇਨ ਕੀਤਾ ਸੀ। 1950 'ਚ ਉਨ੍ਹਾਂ ਦੀ ਕੰਪਨੀ ਨੇ ਉਨ੍ਹਾਂ ਨੂੰ ਲੰਦਨ ਭੇਜਿਆ। ਲੰਦਨ 'ਚ ਬਿਤਾਏ ਉਨ੍ਹਾਂ ਦਿਨਾਂ ਨੇ ਰੇਅ ਦੀ ਦੁਨੀਆ ਬਦਲ ਦਿੱਤੀ। ਛੇ ਮਹੀਨਿਆਂ 'ਚ ਉਨ੍ਹਾਂ 100 ਤੋਂ ਵੱਧ ਫ਼ਿਲਮਾਂ ਦੇਖੀਆਂ। ਕੋਲਕਾਤਾ ਪਰਤੇ, ਤਾਂ ਵਧਾ–ਚੜ੍ਹਾ ਕੇ ਦਿਖਾਉਣ ਤੇ ਨਾਟਕਪਣ ਤੋਂ ਦੂਰ ਸਾਰਥਕ ਸਿਨੇਮਾ ਦੇ ਮਾਧਿਅਮ ਰਾਹੀਂ ਭਾਰਤ ਦੇ ਪਿੰਡ ਦੇ ਪਰਿਵਾਰ ਦੇ ਸੰਘਰਸ਼ ਨੂੰ 'ਪਥੇਰ ਪਾਂਚਾਲੀ' ਦੇ ਤੌਰ ਉੱਤੇ ਪਰਦੇ 'ਤੇ ਉਤਾਰਨ ਦਾ ਫ਼ੈਸਲਾ ਲਿਆ। 1928 'ਚ ਛਪੇ ਵਿਭੂਤੀਭੂਸ਼ਣ ਬੰਦੋਪਾਧਿਆਇ ਦੇ ਇਸ ਮਸ਼ਹੂਰ ਨਾਵਲ ਦੇ ਬਾਲ ਸੰਸਕਰਣ ਦਾ ਕਵਰ ਰੇਅ ਨੇ ਹੀ ਤਿਆਰ ਕੀਤਾ ਸੀ। ਸ਼ੌਕੀਆ ਕਲਾਕਾਰਾਂ ਤੇ ਨਵੇਂ–ਨਕੋਰ ਡਾਇਰੈਕਟਰ ਉੱਤੇ ਕੋਈ ਪੈਸਾ ਲਾਉਣ ਨੂੰ ਵੀ ਤਿਆਰ ਨਹੀਂ ਸੀ। ਬਹੁਤ ਮੁਸ਼ਕਿਲ ਨਾਲ 1955 'ਚ ਇਹ ਪਰਦੇ 'ਤੇ ਆਈ ਤੇ ਵਿਸ਼ਵ ਸਿਨੇਮਾ ਦੇ ਮੰਚ ਉੱਤੇ ਸਭ ਤੋਂ ਵੱਧ ਸਲਾਹੀ ਗਈ। 11 ਅੰਤਰਰਾਸ਼ਟਰੀ ਪੁਰਸਕਾਰ ਵੀ ਮਿਲੇ। ਇਹ ਮਹਿਜ਼ ਸ਼ੁਰੂਆਤ ਸੀ। ਇਸ ਤੋਂ ਬਾਅਦ ਤਿੰਨ ਦਹਾਕਿਆਂ ਤੋਂ ਵੀ ਲੰਬੇ ਸਮੇਂ ਤੱਕ ਸੱਤਿਆਜੀਤ ਰੇਅ ਨੇ ਲਗਭਗ ਤਿੰਨ ਦਰਜਨ ਫ਼ਿਲਮਾਂ ਦਾ ਨਿਰਦੇਸ਼ਨ ਕੀਤਾ। ਇਨ੍ਹਾਂ 'ਚ ਪਾਰਸ ਪੱਥਰ, ਕੰਚਨਜੰਘਾ, ਮਹਾਪੁਰੁਸ਼, ਅਪੂਰ ਸੰਸਾਰ, ਮਹਾਨਗਰ, ਚਾਰੂਲਤਾ, ਅਪਰਾਜਿਤੋ, ਗੂਪੀ ਗਾਇਨ–ਬਾਘਾ ਬਾਇਨ ਸ਼ਾਮਲ ਹਨ। ਹਿੰਦੀ 'ਚ 'ਸ਼ਤਰੰਜ ਕੇ ਖਿਲਾੜੀ' ਦਾ ਵੀ ਨਿਰਦੇਸ਼ਨ ਕੀਤਾ।

1978 'ਚ ਬਰਲਿਨ ਫ਼ਿਲਮ ਫ਼ੈਸਟੀਵਲ ਦੀ ਮੈਨੇਜਮੈਂਟ ਕਮੇਟੀ ਨੇ ਉਨ੍ਹਾਂ ਨੂੰ ਵਿਸ਼ਵ ਦੇ ਸਰਬਕਾਲੀ ਨਿਰਦੇਸ਼ਕਾਂ ਵਿੱਚੋਂ ਇੱਕ ਵਜੋਂ ਸਨਮਾਨਿਤ ਕੀਤਾ। ਭਾਰਤ ਸਰਕਾਰ ਵੱਲੋਂ ਫ਼ਿਲਮ ਨਿਰਮਾਣ ਦੇ ਖੇਤਰ ਵਿੱਚ ਵਿਭਿੰਨ ਵਿਧਾਵਾਂ ਲਈ ਉਨ੍ਹਾਂ ਨੂੰ 32 ਰਾਸ਼ਟਰੀ ਪੁਰਸਕਾਰ ਮਿਲੇ। 1985 'ਚ ਉਨ੍ਹਾਂ ਨੂੰ ਦਾਦਾ ਸਾਹੇਬ ਫਾਲਕੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 1992 'ਚ ਉਨ੍ਹਾਂ ਨੂੰ ਭਾਰਤ ਰਤਨ ਮਿਲਿਆ ਤੇ ਆਸਕਰ (ਆਨਰੇਰੀ ਅਵਾਰਡ ਫਾਰ ਲਾਈਫ਼ਟਾਈਮ ਅਚੀਵਮੈਂਟ) ਵੀ। ਲੇਕਿਨ ਰੇਅ ਬਿਮਾਰ ਸਨ, ਇਸ ਲਈ ਆਸਕਰ ਲੈਣ ਨਹੀਂ ਜਾ ਸਕਦੇ ਸਨ। ਉਨ੍ਹਾਂ ਦੇ ਘਰ ਆ ਕੇ ਆਸਕਰ ਅਵਾਰਡ ਦੇ ਅਹੁਦੇਦਾਰਾਂ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਆਯੋਜਨ ਦੀ ਫ਼ਿਲਮ ਬਣਾਈ ਗਈ ਤੇ ਉਸ ਨੂੰ ਆਸਕਰ ਸੈਰੇਮਨੀ 'ਚ ਪ੍ਰਦਰਸ਼ਿਤ ਕਰਕੇ ਪੂਰੀ ਦੁਨੀਆ ਨੂੰ ਦਿਖਾਇਆ ਗਿਆ। ਇੱਕ ਮਹੀਨੇ ਦੇ ਅੰਦਰ ਹੀ 23 ਅਪ੍ਰੈਲ, 1992 ਨੂੰ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦਾ ਦੇਹਾਂਤ ਹੋ ਗਿਆ। ●




ਨੈਸ਼ਨਲ ਸਕ੍ਰੈਪਿੰਗ ਪਾਲਿਸੀ

# ਸਭ ਲਈ ਫ਼ਾਇਦੇ ਦਾ ਸੌਦਾ

**ਪਹਿਲਾਂ ਤੁਹਾਨੂੰ 20 ਸਾਲ ਤੋਂ ਜ਼ਿਆਦਾ ਪੁਰਾਣੇ ਨਿਜੀ ਵਾਹਨ ਅਤੇ 15 ਸਾਲ ਤੋਂ ਜ਼ਿਆਦਾ ਪੁਰਾਣੇ ਕਮਰਸ਼ੀਅਲ ਵਾਹਨਾਂ ਨੂੰ ਕਬਾੜ ਵਿੱਚ 4-6 ਹਜ਼ਾਰ ਰੁਪਏ ਵਿੱਚ ਵੇਚਣਾ ਪੈਂਦਾ ਸੀ। ਇਸ ਪ੍ਰਕਾਰ ਕਬਾੜ ਹੋਈਆਂ ਕਈ ਗੱਡੀਆਂ ਨੂੰ ਤੁਸੀਂ ਆਪਣੇ ਆਸ-ਪਾਸ ਵੀ ਦੇਖਿਆ ਹੋਵੇਗਾ। ਲੇਕਿਨ ਹੁਣ ਇਹ ਪੁਰਾਣੀਆਂ ਗੱਡੀਆਂ ਆਪਣੇ ਮਾਲਿਕ ਦੇ ਨਾਲ-ਨਾਲ ਸਰਕਾਰ ਅਤੇ ਵਾਤਾਵਰਣ ਦੋਹਾਂ ਦੇ ਲਈ ਮੁਨਾਫੇ ਦਾ ਕੰਮ ਕਰਨਗੀਆਂ ਅਤੇ ਦੇਸ਼ ਦੇ ਵਾਹਨ ਉਦਯੋਗ ਨੂੰ ਵੀ ਸਕ੍ਰੈਪਿੰਗ ਪਾਲਿਸੀ ਦੇ ਨਾਲ ਨਵੀਂ ਰਫ਼ਤਾਰ ਮਿਲੇਗੀ**

ਭਾਰਤ ਵਿੱਚ 20 ਸਾਲ ਤੋਂ ਪੁਰਾਣੇ 51 ਲੱਖ ਅਤੇ 15 ਸਾਲ ਤੋਂ ਪੁਰਾਣੇ 34 ਲੱਖ ਹਲਕੇ ਮੋਟਰ-ਵਾਹਨ ਹਨ। ਲਗਭਗ 17 ਲੱਖ ਦਰਮਿਆਨੇ ਅਤੇ ਭਾਰੀ ਕਮਰਸ਼ੀਅਲ ਵਾਹਨ ਹਨ, ਜੋ 15 ਸਾਲ ਤੋਂ ਅਧਿਕ ਪੁਰਾਣੇ ਹਨ ਅਤੇ ਉਨ੍ਹਾਂ ਦੇ ਪਾਸ ਉਚਿਤ ਫਿਟਨਸ ਪ੍ਰਮਾਣ-ਪੱਤਰ ਨਹੀਂ ਹਨ। ਫਿਟ ਵਾਹਨਾਂ ਦੀ ਤੁਲਨਾ ਵਿੱਚ ਪੁਰਾਣੇ ਵਾਹਨ ਵਾਤਾਵਰਣ ਨੂੰ 10 ਤੋਂ 12 ਗੁਣਾਂ ਅਧਿਕ ਪ੍ਰਦੂਸ਼ਿਤ ਕਰਦੇ ਹਨ ਅਤੇ ਸੜਕ ਸੁਰੱਖਿਆ ਲਈ ਵੀ ਖ਼ਤਰਾ ਪੈਦਾ ਕਰਦੇ ਹਨ। ਇਸ ਲਈ ਕੇਂਦਰ ਸਰਕਾਰ ਪਹਿਲੀ ਵਾਰ ਅੰਤਰਰਾਸ਼ਟਰੀ ਮਿਆਰਾਂ ਦੇ ਅਨੁਸਾਰ ਸਕ੍ਰੈਪਿੰਗ ਪਾਲਿਸੀ ਲੈ ਕੇ ਆਈ ਹੈ। ਇਹ ਮਿਆਰ ਜਰਮਨੀ, ਬ੍ਰਿਟੇਨ,ਅਮਰੀਕਾ ਅਤੇ ਜਪਾਨ ਜਿਹੇ ਵਿਭਿੰਨ ਦੇਸ਼ਾਂ ਦੇ ਮਿਆਰਾਂ ਦੇ ਤੁਲਨਾਤਮਕ ਅਧਿਐਨ ਤੋਂ ਬਾਅਦ ਹੀ ਤਿਆਰ ਕੀਤੇ ਗਏ ਹਨ।



ਲੱਖਾਂ ਲੋਕਾਂ ਨੂੰ ਨਵੇਂ ਰੋਜ਼ਗਾਰ ਦਾ ਮੌਕਾ

ਸਕ੍ਰੈਪਿੰਗ ਪਾਲਿਸੀ ਬਾਰੇ ਉਹ ਸਭ ਕੁਝ, ਜੋ ਤੁਸੀਂ ਜਾਣਨਾ ਚਾਹੁੰਦੇ ਹੋ

## ਕੀ ਹੈ ਸਕ੍ਰੈਪਿੰਗ ਪਾਲਿਸੀ

**ਇਹ ਨੀਤੀ 15 ਸਾਲ ਪੁਰਾਣੀਆਂ ਕਮਰਸ਼ੀਅਲ ਅਤੇ 20 ਸਾਲ ਪੁਰਾਣੀਆਂ ਨਿਜੀ ਗੱਡੀਆਂ ਉੱਤੇ ਲਾਗੂ ਹੋਵੇਗੀ। ਇਸ ਨੀਤੀ ਵਿੱਚ 15 ਸਾਲ ਪੁਰਾਣੀਆਂ ਗੱਡੀਆਂ ਨੂੰ ਸੜਕਾਂ ਤੋਂ ਹਟਾਉਣ ਦਾ ਪ੍ਰਾਵਧਾਨ ਖਤਮ ਕਰ ਦਿੱਤਾ ਗਿਆ ਹੈ। ਲੇਕਿਨ ਅਜਿਹੀਆਂ ਗੱਡੀਆਂ ਨੂੰ ਚਲਾਉਣ ਲਈ ਹਰ ਸਾਲ ਫਿਟਨਸ ਸਰਟੀਫਿਕੇਟ ਲੈਣਾ ਪਵੇਗਾ। ਇਸ ਦੇ ਨਾਲ ਹੀ ਰਜਿਸਟ੍ਰੇਸ਼ਨ ਰਿਨਿਊ ਕਰਵਾਉਣ ਦੀ ਫੀਸ ਨੂੰ ਵਧਾ ਕੇ ਦੋ ਤੋਂ ਤਿੰਨ ਗੁਣਾ ਕਰ ਦਿੱਤਾ ਗਿਆ ਹੈ।**

- ਕਮਰਸ਼ੀਅਲ ਵਾਹਨਾਂ ਨੂੰ ਪ੍ਰਮਾਣ-ਪੱਤਰ ਨਾ ਮਿਲ ਸਕਣ ਦੀ ਸਥਿਤੀ ਵਿੱਚ 15 ਸਾਲ ਤੋਂ ਬਾਅਦ ਉਨ੍ਹਾਂ ਦੀ ਰਜਿਸਟ੍ਰੇਸ਼ਨ ਖਤਮ ਹੋ ਜਾਏਗੀ।
- ਨਿਜੀ ਵਾਹਨਾਂ ਦੇ ਲਈ 20 ਸਾਲ ਤੋਂ ਬਾਅਦ, ਰਜਿਸਟ੍ਰੇਸ਼ਨ ਰਿਨਿਊ ਨਾ ਹੋਣ ਦੀ ਸਥਿਤੀ ਵਿੱਚ ਜਾਂ ਫਿਟ ਨਾ ਪਾਏ ਜਾਣ 'ਤੇ ਉਨ੍ਹਾਂ ਨੂੰ ਡੀਰਜਿਸਟਰ ਕਰ ਦਿੱਤਾ ਜਾਵੇਗਾ। 15 ਸਾਲ ਦੀ ਅਵਧੀ ਪੂਰੀ ਕਰ ਲੈਣ ਉਪਰੰਤ ਵਾਹਨਾਂ ਨੂੰ ਦੁਬਾਰਾ ਰਜਿਸਟਰ ਕਰਾਉਣ ਲਈ ਵਧੀ ਹੋਈ ਫੀਸ ਦੇਣੀ ਪਵੇਗੀ।
- ਕੇਂਦਰ ਸਰਕਾਰ, ਰਾਜ ਸਰਕਾਰ, ਕਾਰਪੋਰੇਸ਼ਨਾਂ, ਪੰਚਾਇਤਾਂ, ਸਟੇਟ ਟ੍ਰਾਂਸਪੋਰਟ ਕਾਰਪੋਰੇਸ਼ਨਾਂ ਅਤੇ ਕੇਂਦਰ ਤੇ ਰਾਜ ਸਰਕਾਰਾਂ ਦੇ ਖੁਦਮੁਖਤਾਰ ਅਦਾਰਿਆਂ ਦੇ ਸਾਰੇ ਵਾਹਨਾਂ ਨੂੰ ਉਨ੍ਹਾਂ ਦੀ ਰਜਿਸਟ੍ਰੇਸ਼ਨ ਦੇ 25 ਸਾਲ ਪੂਰੇ ਹੋ ਜਾਣ ਦੇ ਬਾਅਦ ਡੀਰਜਿਸਟਰ ਕਰ ਦਿੱਤਾ ਜਾਵੇਗਾ।

## ਕੀ ਹੋਵੇਗੀ ਸਕ੍ਰੈਪਿੰਗ ਦੀ ਪ੍ਰਕਿਰਿਆ

**ਸਭ ਤੋਂ ਪਹਿਲਾਂ ਇਹ ਜਾਣੋਂ ਕਿ ਤੁਹਾਨੂੰ ਕੀ ਲਾਭ ਹੋਵੇਗਾ**



1. ਸਕ੍ਰੈਪਿੰਗ ਸੈਂਟਰ ਦੁਆਰਾ ਪੁਰਾਣੇ ਵਾਹਨ ਦੇ ਲਈ ਦਿੱਤੀ ਗਈ ਸਕ੍ਰੈਪ ਕੀਮਤ, ਇੱਕ ਨਵੇਂ ਵਾਹਨ ਦੀ ਐਕਸ-ਸ਼ੋਅਰੂਮ ਕੀਮਤ ਦਾ ਲਗਭਗ 4-6% ਹੋਵੇਗੀ।
2. ਸਕ੍ਰੈਪਿੰਗ ਸਰਟੀਫਿਕੇਟ ਦਿਖਾਉਣ 'ਤੇ ਵਾਹਨ ਨਿਰਮਾਤਾ ਤੁਹਾਨੂੰ 5% ਤੱਕ ਡਿਸਕਾਊਂਟ ਦੇਣਗੇ। ਯਾਨੀ ਮੰਨ ਲਉ ਕਿ ਤੁਸੀਂ ਇੱਕ ਅਜਿਹੀ ਗੱਡੀ ਖਰੀਦ ਰਹੇ ਹੋ, ਜਿਸ ਦੀ ਐਕਸ-ਸ਼ੋਅਰੂਮ ਕੀਮਤ 10 ਲੱਖ ਰੁਪਏ ਹੈ ਤਾਂ ਤੁਹਾਨੂੰ ਇਸ ਉੱਤੇ ਲਗਭਗ 50 ਹਜ਼ਾਰ ਰੁਪਏ ਦੀ ਛੂਟ ਮਿਲ ਜਾਵੇਗੀ। ਇਹ ਛੂਟ ਵਾਹਨ ਨਿਰਮਾਤਾ ਦੁਆਰਾ ਤੁਹਾਨੂੰ ਸਮੇਂ-ਸਮੇਂ 'ਤੇ ਦਿੱਤੇ ਜਾਣ ਵਾਲੇ ਡਿਸਕਾਊਂਟ ਦੇ ਅਤਿਰਿਕਤ ਹੋਵੇਗੀ।
3. ਸਕ੍ਰੈਪਿੰਗ ਸਰਟੀਫਿਕੇਟ ਦਿਖਾਉਣ 'ਤੇ, ਨਵੇਂ ਵਾਹਨਾਂ ਦੀ ਰਜਿਸਟ੍ਰੇਸ਼ਨ ਫੀਸ ਨੂੰ ਪੂਰੀ ਤਰ੍ਹਾਂ ਮਾਫ ਕੀਤਾ ਜਾ ਸਕਦਾ ਹੈ।
4. ਰਾਜਾਂ ਨੂੰ ਨਿਜੀ ਵਾਹਨਾਂ ਦੇ ਲਈ 25% ਤੱਕ ਅਤੇ ਕਮਰਸ਼ੀਅਲ ਵਾਹਨਾਂ ਲਈ 15% ਤੱਕ ਰੋਡ ਟੈਕਸ ਵਿੱਚ ਛੂਟ ਦੇਣ ਦੀ ਸਲਾਹ ਦਿੱਤੀ ਗਈ ਹੈ।

### ਰੀਸਾਈਕਲ ਨਾਲ ਘਟੇਗੀ ਲਾਗਤ...

ਦੇਸ਼ ਵਿੱਚ ਸਕ੍ਰੈਪਿੰਗ ਸੈਂਟਰ ਬਣਨਗੇ। ਸਕ੍ਰੈਪਿੰਗ ਸੈਂਟਰਾਂ 'ਤੇ ਪੁਰਾਣੇ ਵਾਹਨਾਂ ਨੂੰ ਰੀਸਾਈਕਲ ਕੀਤਾ ਜਾਵੇਗਾ। ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਅਨੁਸਾਰ ਜਿਨ੍ਹਾਂ ਦੇਸ਼ਾਂ ਵਿੱਚ ਸਕ੍ਰੈਪਿੰਗ ਦੀ ਸੁਵਿਧਾ ਨਹੀਂ ਹੈ, ਉਨ੍ਹਾਂ ਦੇ ਵਾਹਨਾਂ ਨੂੰ ਵੀ ਇਨ੍ਹਾਂ ਸੈਂਟਰਾਂ ਵਿੱਚ ਸਕ੍ਰੈਪ ਕੀਤਾ ਜਾ ਸਕਦਾ ਹੈ। ਇਸ ਨਾਲ ਅਲਮੀਨੀਅਮ, ਤਾਂਬਾ ਅਤੇ ਰਬੜ ਦੀ ਰੀਸਾਈਕਲਿੰਗ ਨੂੰ ਪ੍ਰੋਤਸਾਹਨ ਮਿਲੇਗਾ। ਵਾਹਨ ਕੰਪਨੀਆਂ ਨੂੰ ਰੀਸਾਈਕਲਿੰਗ ਨਾਲ ਕੱਚਾ ਮਾਲ ਮਿਲੇਗਾ। ਇੱਕ ਅਨੁਮਾਨ ਦੇ ਮੁਤਾਬਕ ਵਾਹਨਾਂ ਦੀ ਲਾਗਤ ਲਗਭਗ 40% ਤੱਕ ਘਟ ਜਾਣ ਦੀ ਉਮੀਦ ਹੈ।

ਦਰਅਸਲ, ਕੇਂਦਰ ਸਰਕਾਰ ਦਾ ਧਿਆਨ ਅਜਿਹੀਆਂ ਨੀਤੀਆਂ ਵੱਲ ਹੈ ਜੋ ਆਮ ਆਦਮੀ ਨੂੰ ਲਾਭ ਦੇਣ, ਨਾਲ ਹੀ ਵਾਤਾਵਰਣ ਅਤੇ ਉਸ ਨਾਲ ਜੁੜੇ ਦੂਸਰੇ ਸੈਕਟਰਾਂ ਉੱਤੇ ਵੀ ਉਨ੍ਹਾਂ ਦਾ ਸਕਾਰਾਤਮਕ ਅਸਰ ਹੋਵੇ। ਇਸੇ ਦਿਸ਼ਾ ਵਿੱਚ ਇੱਕ ਨਵਾਂ ਉਪਰਾਲਾ, ਵਾਹਨਾਂ ਲਈ ਸਕ੍ਰੈਪਿੰਗ ਪਾਲਿਸੀ ਵਜੋਂ ਸਾਹਮਣੇ ਆਇਆ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ 1 ਫਰਵਰੀ ਨੂੰ ਸੰਸਦ ਵਿੱਚ ਬਜਟ ਪੇਸ਼ ਕਰਦੇ ਹੋਏ ਇਸ ਦਾ ਐਲਾਨ ਕੀਤਾ ਸੀ। ਇਹ ਸਰਕਾਰ ਦੀ ਸਮਾਂ-ਬੱਧ ਤਰੀਕੇ ਨਾਲ ਕੰਮ ਕਰਨ ਦੀ ਪ੍ਰਤੀਬੱਧਤਾ ਹੀ ਹੈ ਕਿ ਕੇਵਲ 46 ਦਿਨਾਂ ਦੇ ਅੰਦਰ 18 ਮਾਰਚ ਨੂੰ ਕੇਂਦਰੀ ਰੋਡ ਅਤੇ ਟ੍ਰਾਂਸਪੋਰਟ ਮੰਤਰੀ

# ਇਸ ਪੂਰੇ ਲਾਭ ਨੂੰ ਤੁਸੀਂ ਇਸ ਤਰ੍ਹਾਂ ਸਮਝ ਸਕਦੇ ਹੋ

ਮੰਨ ਲਉ ਕਿ ਤੁਸੀਂ ਇੱਕ ਗੱਡੀ ਸਕ੍ਰੈਪਿੰਗ ਦੇ ਲਈ ਦਿੱਤੀ ਹੈ। ਬਜ਼ਾਰ ਵਿੱਚ ਇਸ ਦੀ ਕੀਮਤ ਲਗਭਗ 10 ਲੱਖ ਰੁਪਏ ਹੈ, ਤਾਂ ਸਕ੍ਰੈਪਿੰਗ ਸੈਂਟਰ ਦੁਆਰਾ ਇਸ ਪੁਰਾਣੀ ਗੱਡੀ ਉੱਤੇ ਤੁਹਾਨੂੰ ਅੰਦਾਜ਼ਨ 60 ਹਜ਼ਾਰ ਰੁਪਏ ਮਿਲ ਜਾਣਗੇ। ਹੁਣ ਤੁਸੀਂ 10 ਲੱਖ ਰੁਪਏ ਦੀ ਹੀ ਐਕਸ-ਸ਼ੋਅਰੂਮ ਕੀਮਤ ਵਾਲੀ ਨਵੀਂ ਪੈਟ੍ਰੋਲ ਗੱਡੀ ਨਿਜੀ ਉਪਯੋਗ ਲਈ ਖਰੀਦਦੇ ਹੋ ਤਾਂ ਸਕ੍ਰੈਪ ਪਾਲਿਸੀ ਦੇ ਅਨੁਸਾਰ ਤੁਹਾਨੂੰ ਇਤਨਾ ਲਾਭ ਹੋਵੇਗਾ-

**ਐਕਸ-ਸ਼ੋਅਰੂਮ ਕੀਮਤ**
**₹ 10,00000**

**₹50,000**
ਸਕ੍ਰੈਪਿੰਗ ਸਰਟੀਫਿਕੇਟ ਉੱਤੇ ਨਿਰਮਾਤਾ ਦੁਆਰਾ ਛੂਟ

**₹600**
ਰਜਿਸਟ੍ਰੇਸ਼ਨ 'ਤੇ ਛੂਟ



**ਰੋਡ ਟੈਕਸ ਛੂਟ...** ਪੈਟਰੋਲ ਵਾਹਨਾਂ 'ਤੇ ਦਿੱਲੀ ਵਿੱਚ 7% ਰੋਡ ਟੈਕਸ ਦੇਣਾ ਹੁੰਦਾ ਹੈ। ਯਾਨੀ ਕਰੀਬ 70000। ਤਾਂ 25% ਦੇ ਹਿਸਾਬ ਨਾਲ ਛੂਟ- 17500

**ਯਾਨੀ ਤੁਹਾਡਾ ਕੁੱਲ ਲਾਭ**
**60,000+50,000+600+17,500 = 1,28,100***

* (ਅਧਿਕਤਮ ਛੂਟ ਦੇ ਨਾਲ ਅੰਕੜਾ ਅਨੁਮਾਨਿਤ ਹੈ। ਨੀਤੀ ਦਾ ਅੰਤਿਮ ਡਰਾਫਟ ਤਿਆਰ ਹੋਣ ਉਪਰੰਤ ਇਸ ਵਿੱਚ ਬਦਲਾਅ ਸੰਭਵ ਹੈ।)

## ਭਾਰਤ ਬਣੇਗਾ ਆਟੋਮੋਬਾਈਲ ਹੱਬ



**50%** ਵਾਹਨਾਂ ਦਾ ਦੂਸਰੇ ਦੇਸ਼ਾਂ ਵਿੱਚ ਨਿਰਯਾਤ ਕਰਦੀਆਂ ਹਨ ਇਸ ਸਮੇਂ ਭਾਰਤ ਦੀਆਂ ਵਾਹਨ ਬਣਾਉਣ ਵਾਲੀਆਂ ਕੰਪਨੀਆਂ

ਸਕ੍ਰੈਪ ਪਾਲਿਸੀ ਵਿੱਚ ਰੀਸਾਈਕਲਿੰਗ ਨੂੰ ਪ੍ਰੋਤਸਾਹਨ ਮਿਲਣ ਨਾਲ ਲਾਗਤ ਹੋਰ ਵੀ ਘਟ ਜਾਵੇਗੀ ਅਤੇ ਇਸ ਦੇ ਚਲਦੇ, ਦੁਨੀਆ ਵਿੱਚ ਸਾਡੇ ਉਤਪਾਦ ਹੋਰ ਵੀ ਕੰਪੀਟੀਟਿਵ ਬਣਨਗੇ।

ਹਰ ਜ਼ਿਲ੍ਹੇ ਵਿੱਚ ਵਾਹਨਾਂ ਦੀ ਫਿਟਨਸ ਅਤੇ ਪ੍ਰਦੂਸ਼ਣ ਦਾ ਪੱਧਰ ਜਾਂਚਣ ਲਈ ਸੈਂਟਰ ਬਣਾਏ ਜਾਣਗੇ। ਇਸ ਨਾਲ ਆਉਣ ਵਾਲੇ 5 ਸਾਲਾਂ ਵਿੱਚ ਦੇਸ਼ ਆਟੋਮੋਬਾਈਲ ਹੱਬ ਬਣ ਸਕਦਾ ਹੈ।



**10,000** ਕਰੋੜ ਦਾ ਨਿਵੇਸ਼ ਆਏਗਾ ਇਸ ਸਿਸਟਮ ਤੋਂ

## ਰੋਜ਼ਗਾਰ ਦੇ ਅਵਸਰ ਵੀ...

**35,000**

ਨਵੇਂ ਰੋਜ਼ਗਾਰ ਪ੍ਰਤੱਖਤੌਰ 'ਤੇ ਪੈਦਾ ਹੋਣਗੇ। ਅਪ੍ਰਤੱਖ ਤੌਰ 'ਤੇ ਲੱਖਾਂ ਹੀ ਨਵੇਂ ਰੋਜ਼ਗਾਰ ਪੈਦਾ ਹੋਣਗੇ।

## ਈ-ਵਾਹਨਾਂ ਨੂੰ ਵੀ ਪ੍ਰੋਤਸਾਹਨ

ਸਕ੍ਰੈਪ ਨੀਤੀ ਦੇ ਨਾਲ ਸਰਕਾਰ ਇਲੈਕਟ੍ਰਿਕ ਵਾਹਨਾਂ ਨੂੰ ਵੀ ਹੋਰ ਪ੍ਰੋਤਸਾਹਿਤ ਕਰੇਗੀ। ਇਸ ਨਾਲ ਵਾਹਨਾਂ ਵਿੱਚ ਉਪਯੋਗ ਹੋਣ ਵਾਲੀਆਂ 81% ਲੀਥੀਅਮ ਬੈਟਰੀਆਂ ਦੇਸ਼ ਵਿੱਚ ਹੀ ਬਣ ਰਹੀਆਂ ਹਨ। ਅਗਲੇ ਸਾਲ ਤੱਕ 100% ਬੈਟਰੀਆਂ ਮੇਡ ਇਨ ਇੰਡੀਆ ਹੀ ਹੋਣਗੀਆਂ।

## ਪ੍ਰਦੂਸ਼ਣ 'ਤੇ ਲਗਾਮ ਲਗੇਗੀ ਅਤੇ ਈਂਧਣ ਦੀ ਵੀ ਬੱਚਤ ਹੋਵੇਗੀ...

- ਇਸ ਸਮੇਂ ਸੜਕਾਂ ਉੱਤੇ ਲਗਭਗ 1 ਕਰੋੜ ਵਾਹਨ ਅਜਿਹੇ ਦੌੜ ਰਹੇ ਹਨ ਜੋ ਇਸ ਨੀਤੀ ਦੇ ਦਾਇਰੇ ਵਿੱਚ ਆਉਣਗੇ। 2025 ਤੱਕ ਇਨ੍ਹਾਂ ਦੀ ਸੰਖਿਆ ਲਗਭਗ 2.8 ਕਰੋੜ ਹੋਵੇਗੀ। ਇਹ ਫਿਟ ਵਾਹਨਾਂ ਦੀ ਤੁਲਨਾ ਵਿੱਚ 10-12% ਤੋਂ ਵੀ ਵੱਧ ਪ੍ਰਦੂਸ਼ਣ ਫੈਲਾਉਂਦੇ ਹਨ।
- ਅਜਿਹੇ ਪੁਰਾਣੇ ਵਾਹਨਾਂ ਦੇ ਸੜਕਾਂ ਤੋਂ ਹਟ ਜਾਣ ਨਾਲ ਕਾਰਬਨ-ਡਾਈ-ਔਕਸਾਈਡ ਦੇ ਉਤਸਰਜਨ ਵਿੱਚ 17% ਤੱਕ ਦੀ ਕਮੀ ਆਏਗੀ। ਨਾਲ ਹੀ ਵਾਹਨਾਂ ਵਿੱਚੋਂ ਨਿਕਲਣ ਵਾਲੇ ਜ਼ਹਿਰੀਲੇ ਕਣ 24% ਤੱਕ ਘੱਟ ਹੋ ਜਾਣਗੇ।
- ਬੀਐੱਸ-2 ਅਤੇ ਬੀਐੱਸ-3 ਦੇ ਵਾਹਨ, ਚਲਣ ਤੋਂ ਬਾਹਰ ਹੋ ਜਾਣਗੇ। ਇਸ ਨਾਲ ਕਰੀਬ 80 ਲੱਖ ਟਨ ਤੱਕ ਈਂਧਣ ਦੀ ਬੱਚਤ ਹੋ ਸਕੇਗੀ।

ਨਿਤਿਨ ਗਡਕਰੀ ਨੇ ਇਸ ਦਾ ਡਰਾਫਟ ਵੀ ਜਾਰੀ ਕਰ ਦਿੱਤਾ। ਡਰਾਫਟ ਸਬੰਧੀ ਆਏ ਸੁਝਾਵਾਂ ਉੱਤੇ ਵਿਚਾਰ ਕਰਨ ਤੋਂ ਬਾਅਦ ਇਸ ਨੂੰ 1 ਅਕਤੂਬਰ ਤੋਂ ਲਾਗੂ ਵੀ ਕਰ ਦਿੱਤਾ ਜਾਵੇਗਾ।

ਆਉਣ ਵਾਲੇ 5 ਵਰ੍ਹਿਆਂ ਵਿੱਚ ਇਸ ਦੇ ਜ਼ਰੀਏ ਜਿੱਥੇ ਵੱਡੀ ਸੰਖਿਆ ਵਿੱਚ ਨਵੇਂ ਰੋਜ਼ਗਾਰ ਪੈਦਾ ਹੋਣਗੇ ਉੱਥੇ ਸਾਡੇ ਆਟੋਮੋਬਾਈਲ ਸੈਕਟਰ ਨੂੰ ਨਵਾਂ ਸਹਾਰਾ ਵੀ ਮਿਲੇਗਾ। ਇਸ ਦੇ ਨਾਲ ਹੀ ਵਾਤਾਵਰਣ ਸੁਰੱਖਿਆ ਦੇ ਨਾਲ ਤੁਹਾਡੀ ਜੇਬ ਦੇ ਲਈ ਵੀ ਇਹ ਫ਼ਾਇਦੇ ਦਾ ਸੌਦਾ ਹੈ। ਸੁਝਾਵਾਂ ਅਤੇ ਰਾਜ ਸਰਕਾਰਾਂ ਦੀ ਰਾਇ ਦੇ ਬਾਅਦ ਇਸ ਨੂੰ ਲਾਗੂ ਕਰ ਦਿੱਤਾ ਜਾਵੇਗਾ। ●



# ਜਲ ਸੁਸ਼ਾਸਨ

## ਜਲ ਸੰਭਾਲ਼ ਦਾ ਭਾਗੀਰਥੀ ਸੰਕਲਪ

**ਕੇਂਦਰ ਸਰਕਾਰ ਨੇ 'ਵਾਟਰ ਗਵਰਨੈਂਸ' ਨੂੰ ਆਪਣੀਆਂ ਨੀਤੀਆਂ ਅਤੇ ਫੈਸਲਿਆਂ ਵਿੱਚ ਪਹਿਲ ਦਿੰਦੇ ਹੋਏ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ, ਹਰ ਖੇਤ ਕੋ ਪਾਨੀ, 'ਪਰ ਡ੍ਰੌਪ ਮੋਰ ਕ੍ਰੌਪ' ਅਭਿਯਾਨ, ਨਮਾਮਿ ਗੰਗੇ ਮਿਸ਼ਨ. ਜਲ ਜੀਵਨ ਮਿਸ਼ਨ ਅਤੇ ਅਟਲ ਭੂਜਲ ਯੋਜਨਾ ਜਿਹੀਆਂ ਪਹਿਲਾਂ ਨਾਲ ਜਲ ਨੂੰ ਜਨ-ਜਨ ਨਾਲ ਜੋੜਿਆ ਹੈ। ਹੁਣ ਜਲ ਸੰਭਾਲ਼ ਦੀ ਦਿਸ਼ਾ ਵਿੱਚ ਜਨ ਭਾਗੀਦਾਰੀ ਦੇ ਨਾਲ 'ਕੈਚ ਦ ਰੇਨ: ਵੇਅਰਐਵਰ, ਕਲੈਕਟ ਰੇਨ ਵਾਟਰ ਵੈੱਨਐਵਰ ਪੌਸੀਬਲ' ਜਿਹੇ ਵਿਲੱਖਣ ਅਭਿਯਾਨ ਅਤੇ ਨਦੀ ਜੋੜੋ ਪ੍ਰੋਜੈਕਟ ਦੀ ਹੋਈ ਇਤਿਹਾਸਿਕ ਸ਼ੁਰੂਆਤ**

> *ਜਲ ਸਾਡੇ ਲਈ ਜੀਵਨ ਵੀ ਹੈ, ਆਸਥਾ ਵੀ ਹੈ ਅਤੇ ਵਿਕਾਸ ਦੀ ਧਾਰਾ ਵੀ ਹੈ। ਪਾਣੀ ਇੱਕ ਤਰ੍ਹਾਂ ਨਾਲ ਪਾਰਸ ਤੋਂ ਵੀ ਅਧਿਕ ਮਹੱਤਵਪੂਰਨ ਹੈ। ਕਿਹਾ ਜਾਂਦਾ ਹੈ ਕਿ ਪਾਰਸ ਦੇ ਸਪਰਸ਼ ਨਾਲ ਲੋਹਾ ਸੋਨੇ ਵਿੱਚ ਤਬਦੀਲ ਹੋ ਜਾਂਦਾ ਹੈ। ਓਸੇ ਪ੍ਰਕਾਰ ਹੀ ਪਾਣੀ ਦਾ ਸਪਰਸ਼ ਜੀਵਨ ਲਈ ਜ਼ਰੂਰੀ ਹੈ, ਵਿਕਾਸ ਲਈ ਜ਼ਰੂਰੀ ਹੈ।*
>
> — ਨਰੇਂਦਰ ਮੋਦੀ, ਪ੍ਰਧਾਨ ਮੰਤਰੀ



ਹਰ ਸਾਲ ਦੇਸ਼ ਦੇ ਤਕਰੀਬਨ ਇੱਕ ਤਿਹਾਈ ਹਿੱਸੇ ਵਿੱਚ ਸੋਕਾ, ਤੇ ਔਸਤਨ 4 ਕਰੋੜ ਹੈਕਟੇਅਰ ਖੇਤਰ ਵਿੱਚ ਹੜ੍ਹਾਂ ਦੀ ਭਿਆਨਕ ਤਸਵੀਰ ਸਾਹਮਣੇ ਆਉਂਦੀ ਹੈ। ਅਗਰ ਇਹ ਅਸੰਤੁਲਨ ਖਤਮ ਹੋ ਜਾਵੇ ਤਾਂ ਦੇਸ਼ ਦੀ ਅਥਾਹ ਜਲ ਸੰਪਦਾ ਵਿਨਾਸ਼ ਦੀ ਨਹੀਂ ਬਲਕਿ ਸਿਰਫ ਅਤੇ ਸਿਰਫ ਵਿਕਾਸ ਦੀ ਕਹਾਣੀ ਲਿਖ ਸਕਦੀ ਹੈ। ਅਜਿਹੇ ਵਿੱਚ ਵਰਤਮਾਨ ਦੀ ਸਥਿਤੀ ਨੂੰ ਬਦਲਣ ਅਤੇ ਭਵਿੱਖ ਦੇ ਸੰਕਟਾਂ ਦੇ ਸਮਾਧਾਨ ਦੇ ਲਈ ਕੇਂਦਰ ਸਰਕਾਰ ਨੇ ਵਿਸ਼ਵ ਜਲ ਦਿਵਸ ਦੇ ਮੌਕੇ 'ਤੇ 22 ਮਾਰਚ ਨੂੰ ਨਦੀ ਜੋੜੋ ਪਰਿਯੋਜਨਾ ਅਤੇ ਜਲ ਸੰਗ੍ਰਹਿਣ ਦੀ ਦਿਸ਼ਾ ਵਿੱਚ ਕ੍ਰਾਂਤੀਕਾਰੀ ਸ਼ੁਰੂਆਤ ਕੀਤੀ ਹੈ। ਇਸ ਦੇ ਲਈ 'ਕੈਚ ਦ ਰੇਨ: ਵੇਅਰਐਵਰ, ਕਲੈਕਟ ਰੇਨ ਵਾਟਰ ਵੈਨਐਵਰ ਪੌਸੀਬਲ' ਅਭਿਯਾਨ ਦੇ ਨਾਲ ਹੀ ਕੇਨ-ਬੇਤਵਾ ਲਿੰਕ ਦਾ ਚਿਰਾਂ ਤੋਂ ਉਡੀਕਿਆ ਜਾ ਰਿਹਾ ਪ੍ਰੋਜੈਕਟ ਸਾਕਾਰ ਹੋਣ ਜਾ ਰਿਹਾ ਹੈ।

# ਕੇਨ-ਬੇਤਵਾ ਲਿੰਕ

# ਬੁੰਦੇਲਖੰਡ ਦੀ ਨਵੀਂ ਸਵੇਰ




## ਸ਼ਾਮਲ ਰਾਜ
ਉੱਤਰ ਪ੍ਰਦੇਸ਼ | ਮੱਧ ਪ੍ਰਦੇਸ਼

**ਬੁੰਦੇਲਖੰਡ ਖੇਤਰ ਦੇ ਇਨ੍ਹਾਂ ਜ਼ਿਲ੍ਹਿਆਂ ਨੂੰ ਲਾਭ:**

- ਮੱਧ ਪ੍ਰਦੇਸ਼
  - ਛਤਰਪੁਰ
  - ਪੰਨਾ
  - ਟੀਕਮਗੜ੍ਹ
- ਉੱਤਰ ਪ੍ਰਦੇਸ਼
  - ਲਲਿਤਪੁਰ
  - ਝਾਂਸੀ
  - ਬਾਂਦਾ
  - ਮਹੋਬਾ

ਕੇਨ-ਬੇਤਵਾ ਲਿੰਕ ਪਰਿਯੋਜਨਾ ਨਦੀਆਂ ਨੂੰ ਆਪਸ ਵਿੱਚ ਜੋੜਨ ਦਾ ਰਾਸ਼ਟਰੀ ਪੱਧਰ ਦਾ ਆਪਣੀ ਤਰ੍ਹਾਂ ਦਾ ਪਹਿਲਾ ਪ੍ਰੋਜੈਕਟ ਹੈ। ਇਹ ਸੁਪਨਾ ਜਿਸ ਨੂੰ ਭਾਰਤ ਰਤਨ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਜੀ ਨੇ ਦੇਖਿਆ ਸੀ, ਨੂੰ ਹੁਣ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਾਕਾਰ ਕਰਨ ਦਾ ਸੰਕਲਪ ਲਿਆ ਹੈ। ਨਦੀ ਜੋੜੋ ਪਰਿਯੋਜਨਾ ਦਾ ਆਰੰਭ ਚਿਰਾਂ ਤੋਂ ਉਡੀਕੀ ਜਾ ਰਹੀ ਕੇਨ-ਬੇਤਵਾ ਲਿੰਕ ਪਰਿਯੋਜਨਾ ਨਾਲ ਹੋ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਦੇ ਸ਼ਬਦਾਂ ਵਿੱਚ, " ਅਟਲ ਜੀ ਦਾ ਸੁਪਨਾ ਸੀ ਰਿਵਰ ਗ੍ਰਿੱਡ ਦਾ, ਨਦੀਆਂ ਨੂੰ ਜੋੜਨ ਦਾ। ਕੇਨ-ਬੇਤਵਾ ਨੂੰ ਜੋੜਨ ਦਾ ਅਸੀਂ ਬੀੜਾ ਉਠਾਇਆ ਹੈ। ਜੇਕਰ ਕੇਨ-ਬੇਤਵਾ ਜੋੜ ਦਿੱਤੀ ਗਈ ਅਤੇ ਪਾਣੀ ਜ਼ਮੀਨ ਵਿੱਚ ਜਾਣਾ ਸ਼ੁਰੂ ਹੋ ਗਿਆ ਤਾਂ ਪੂਰੇ ਬੁੰਦੇਲਖੰਡ ਵਿੱਚ ਜੋ ਪਾਣੀ ਬਹੁਤ ਹੇਠਾਂ ਚਲਾ ਗਿਆ ਹੈ, ਉਹ ਉੱਪਰ ਆਉਣਾ ਸ਼ੁਰੂ ਹੋ ਜਾਵੇਗਾ। ਹਰ ਕੋਨੇ ਵਿੱਚ ਕਿਸਾਨ ਨੂੰ ਉਸ ਦਾ ਲਾਭ ਹੋਵੇਗਾ।" ਨਦੀਆਂ ਨੂੰ ਜੋੜਨ ਦੀ ਪ੍ਰਧਾਨ ਮੰਤਰੀ ਦੀ ਇਸ ਪ੍ਰਤਿੱਗਿਆ ਪਿੱਛੇ ਬੂੰਦ-ਬੂੰਦ ਪਾਣੀ ਦੇ ਲਈ ਤਰਸਣ ਵਾਲੇ ਬੁੰਦੇਲਖੰਡ ਦੇ ਵਸਨੀਕਾਂ ਨੂੰ ਰਾਹਤ ਦੇਣ ਦਾ ਸੰਵੇਦਨਸ਼ੀਲ ਦ੍ਰਿਸ਼ਟੀਕੋਣ ਹੈ।

**221 ਕਿਲੋਮੀਟਰ ਲੰਬੀ ਲਿੰਕ ਨਹਿਰ ਨਾਲ ਕੇਨ ਦਾ ਪਾਣੀ ਬੇਤਵਾ ਨਦੀ ਤੱਕ ਪਹੁੰਚੇਗਾ**

*ਇਸ ਦੇ ਤਹਿਤ ਕੇਨ ਨਦੀ ਦੇ 2800 ਮਿਲੀਅਨ ਕਿਊਬਕ ਮੀਟਰ ਤੋਂ ਜ਼ਿਆਦਾ ਹੜ੍ਹ ਦੇ ਪਾਣੀ ਦਾ ਦੌਧਨ ਡੈਮ ਦੁਆਰਾ ਸੰਗ੍ਰਹਿਣ ਕੀਤਾ ਜਾਵੇਗਾ। ਕੇਨ ਦੇ ਇਲਾਵਾ ਪਾਣੀ ਨੂੰ ਬੇਤਵਾ ਨਦੀ ਵਿੱਚ ਭੇਜਣ ਲਈ 221 ਕਿਲੋਮੀਟਰ ਲੰਬੀ ਲਿੰਕ ਨਹਿਰ ਬਣਾਈ ਜਾਵੇਗੀ। ਇਸ ਖੇਤਰ ਵਿੱਚ ਵਿਭਿੰਨ ਟੈਂਕਾਂ, ਜਲ ਸ੍ਰੋਤਾਂ ਨੂੰ ਲਿੰਕ ਪਰਿਯੋਜਨਾ ਦੇ ਨਾਲ ਏਕੀਕ੍ਰਿਤ ਕੀਤਾ ਜਾਵੇਗਾ।*

**ਸਿੰਚਾਈ ਦੇ ਲਈ ਉਚਿਤ ਮਾਤਰਾ ਵਿੱਚ ਪਾਣੀ ਮਿਲੇਗਾ**

ਇਸ ਪਰਿਯੋਜਨਾ ਦਾ ਲਾਭ ਮੱਧ ਪ੍ਰਦੇਸ਼ ਦੇ 9 ਜ਼ਿਲ੍ਹਿਆਂ- ਪੰਨਾ, ਟੀਕਮਗੜ੍ਹ, ਛਤਰਪੁਰ, ਸਾਗਰ, ਦਮੋਹ, ਦਤੀਆ, ਵਿਦਿਸ਼ਾ, ਸ਼ਿਵਪੁਰੀ ਅਤੇ ਰਾਇਸੇਨ ਦੇ ਨਾਲ ਹੀ ਉੱਤਰ ਪ੍ਰਦੇਸ਼ ਦੇ 4 ਜ਼ਿਲ੍ਹਿਆਂ- ਬਾਂਦਾ, ਮਹੋਬਾ, ਝਾਂਸੀ ਅਤੇ ਲਲਿਤਪੁਰ ਨੂੰ ਸਿੱਧੇ ਤੌਰ 'ਤੇ ਮਿਲੇਗਾ। ਬੁੰਦੇਲਖੰਡ ਇਲਾਕੇ ਦੀ ਤਸਵੀਰ ਬਦਲਣ ਵਾਲੀ ਕੇਨ-ਬੇਤਵਾ ਲਿੰਕ ਪਰਿਯੋਜਨਾ ਦੇ ਪੂਰਾ ਹੋਣ 'ਤੇ ਦੋਹਾਂ ਰਾਜਾਂ ਦੇ 13 ਜ਼ਿਲ੍ਹਿਆਂ ਦੀ ਕਰੀਬ 10.62 ਲੱਖ ਹੈਕਟੇਅਰ ਖੇਤੀ ਭੂਮੀ ਨੂੰ ਸਿੰਚਾਈ ਦੇ ਲਈ ਪਾਣੀ ਮਿਲ ਸਕੇਗਾ।

**8.11** ਲੱਖ ਹੈਕਟੇਅਰ ਭੂਮੀ ਦੀ ਸਿੰਚਾਈ ਮੱਧ ਪ੍ਰਦੇਸ਼ ਵਿੱਚ

**2.51** ਲੱਖ ਹੈਕਟੇਅਰ ਭੂਮੀ ਦੀ ਸਿੰਚਾਈ ਉੱਤਰ ਪ੍ਰਦੇਸ਼ ਵਿੱਚ

**62 ਲੱਖ ਲੋਕਾਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਮਿਲੇਗਾ**

**130 ਮੈਗਾਵਾਟ ਬਿਜਲੀ ਦਾ ਉਤਪਾਦਨ ਵੀ ਹੋਵੇਗਾ**

## ਜਨ ਕਨੈਕਟੀਵਿਟੀ ਤੋਂ ਜਲ ਕਨੈਕਟੀਵਿਟੀ

"ਕੈਚ ਦ ਰੇਨ" ਅਭਿਯਾਨ ਨੂੰ ਦੇਸ਼ ਭਰ ਵਿੱਚ 22 ਮਾਰਚ ਤੋਂ 30 ਨਵੰਬਰ ਤੱਕ ਦੀ ਅਵਧੀ ਵਿੱਚ ਭਾਰਤ ਦੇ ਸਾਰੇ ਜ਼ਿਲ੍ਹਿਆਂ ਦੇ ਸ਼ਹਿਰੀ ਅਤੇ ਗ੍ਰਾਮੀਣ ਖੇਤਰਾਂ ਵਿੱਚ ਸ਼ੁਰੂ ਕੀਤਾ ਗਿਆ ਹੈ ਤਾਕਿ ਜਨ ਭਾਗੀਦਾਰੀ ਦੇ ਨਾਲ ਜਲ ਅੰਦੋਲਨ ਜਨ ਅੰਦੋਲਨ ਦਾ ਰੂਪ ਲੈ ਸਕੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਅਭਿਯਾਨ ਦੀ ਸ਼ੁਰੂਆਤ ਕੀਤੀ ਅਤੇ ਇਸੇ ਮੌਕੇ 'ਤੇ ਕੇਨ- ਬੇਤਵਾ ਲਿੰਕ ਪਰਿਯੋਜਨਾ ਦੇ ਇਤਿਹਾਸਿਕ ਸਹਿਮਤੀ ਪੱਤਰ ਉੱਤੇ ਵੀ ਦਸਤਖ਼ਤ ਹੋਏ। ਇਸ ਪ੍ਰੋਗਰਾਮ ਤੋਂ ਬਾਅਦ ਜਲ ਅਤੇ ਜਲ ਸੰਭਾਲ਼ ਨਾਲ ਜੁੜੇ ਵਿਭਿੰਨ ਵਿਸ਼ਿਆਂ ਉੱਤੇ ਵਿਚਾਰ ਕਰਨ ਲਈ ਸਾਰੀਆਂ ਗ੍ਰਾਮ ਪੰਚਾਇਤਾਂ ਵਿੱਚ ਗ੍ਰਾਮ ਸਭਾਵਾਂ ਦਾ ਆਯੋਜਨ ਕਰਕੇ ਜਲ ਸੰਭਾਲ਼ ਦੇ ਲਈ 'ਜਲ ਸ਼ਪਥ' ਦੀ ਵੀ ਸ਼ੁਰੂਆਤ ਕੀਤੀ ਗਈ ਹੈ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ, "ਇਨ੍ਹਾਂ ਪ੍ਰਯਤਨਾਂ ਦੇ ਦੌਰਾਨ ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਸਾਡੇ ਦੇਸ਼ ਵਿੱਚ ਵਰਖਾ ਦਾ ਜ਼ਿਆਦਾਤਰ ਪਾਣੀ ਬਰਬਾਦ ਹੋ ਜਾਂਦਾ ਹੈ। ਭਾਰਤ ਵਰਖਾ ਦੇ ਪਾਣੀ ਦਾ ਜਿੰਨਾ ਬਿਹਤਰ ਪ੍ਰਬੰਧਨ ਕਰੇਗਾ, ਓਨੀ ਹੀ ਭੂ-ਜਲ ਉੱਤੇ ਦੇਸ਼ ਦੀ ਨਿਰਭਰਤਾ ਘੱਟ ਹੋਵੇਗੀ। ਇਸ ਲਈ 'ਕੈਚ ਦ ਰੇਨ' ਜਿਹੇ ਅਭਿਯਾਨ ਚਲਾਏ ਜਾਣੇ ਅਤੇ ਸਫ਼ਲ ਹੋਣੇ ਬਹੁਤ ਹੀ ਜ਼ਰੂਰੀ ਹਨ।"

# 'ਕੈਚ ਦ ਰੇਨ' ਅਭਿਯਾਨ ਦੀ ਸ਼ੁਰੂਆਤ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਮੋਦੀ ਦੇ ਸੰਬੋਧਨ ਦੇ ਅੰਸ਼

*"ਜਲ ਨੂੰ ਲੈ ਕੇ ਜਦੋਂ ਸਾਡਾ ਸੁਭਾਅ ਬਦਲੇਗਾ ਤਾਂ ਕੁਦਰਤ ਵੀ ਸਾਡਾ ਸਾਥ ਦੇਵੇਗੀ। ਅਸੀਂ ਬਹੁਤ ਵਾਰੀ ਸੁਣਿਆ ਹੈ ਕਿ ਅਗਰ ਸੈਨਾ ਦੇ ਲਈ ਕਿਹਾ ਜਾਂਦਾ ਹੈ ਕਿ ਸ਼ਾਂਤੀ ਦੇ ਸਮੇਂ ਜੋ ਸੈਨਾ ਜਿੰਨਾ ਵੱਧ ਪਸੀਨਾ ਵਹਾਉਂਦੀ ਹੈ, ਯੁੱਧ ਦੇ ਸਮੇਂ ਉਸ ਦਾ ਖ਼ੂਨ ਓਨਾ ਹੀ ਘੱਟ ਵਹਿੰਦਾ ਹੈ। ਮੈਨੂੰ ਲਗਦਾ ਹੈ ਕਿ ਇਹ ਨਿਯਮ ਪਾਣੀ ਉੱਤੇ ਵੀ ਲਾਗੂ ਹੁੰਦਾ ਹੈ। ਜੇਕਰ ਅਸੀਂ ਪਾਣੀ ਦੇ ਲਈ ਵਰਖਾ ਹੋਣ ਤੋਂ ਪਹਿਲਾਂ ਮਿਹਨਤ ਕਰ ਲੈਂਦੇ ਹਾਂ, ਯੋਜਨਾ ਬਣਾਉਂਦੇ ਹਾਂ ਅਤੇ ਪਾਣੀ ਬਚਾਉਣ ਦਾ ਕੰਮ ਕਰਦੇ ਹਾਂ ਤਾਂ ਅਕਾਲ ਦੇ ਕਾਰਨ ਜੋ ਅਰਬਾਂ- ਖਰਬਾਂ ਦਾ ਨੁਕਸਾਨ ਹੁੰਦਾ ਹੈ ਅਤੇ ਬਾਕੀ ਕੰਮ ਵੀ ਰੁਕ ਜਾਂਦੇ ਹਨ, ਆਮ ਮਨੁੱਖ ਨੂੰ ਮੁਸੀਬਤ ਆਉਂਦੀ ਹੈ, ਪਸ਼ੂਆਂ ਨੂੰ ਕਿਸੇ ਦੂਸਰੀ ਜਗ੍ਹਾ 'ਤੇ ਭੇਜਣਾ ਪੈਂਦਾ ਹੈ, ਇਹ ਸਭ ਬਚ ਜਾਵੇਗਾ। ਇਸ ਲਈ ਜਿਵੇਂ ਸੈਨਾ ਵਿੱਚ ਸ਼ਾਂਤੀ ਦੇ ਸਮੇਂ ਪਸੀਨਾ ਵਹਾਉਣਾ ਹੀ ਮੰਤਰ ਹੈ, ਵੈਸੇ ਹੀ ਜੀਵਨ ਬਚਾਉਣ ਦੇ ਲਈ ਵਰਖਾ ਤੋਂ ਪਹਿਲਾਂ ਜਿੰਨੀ ਜ਼ਿਆਦਾ ਮਿਹਨਤ ਕਰਾਂਗੇ ਓਨਾ ਹੀ ਉਪਕਾਰ ਹੋਵੇਗਾ।"*

- ਸਾਡੇ ਪੁਰਵਜਾਂ ਨੇ ਸਾਨੂੰ ਪਾਣੀ ਦਿੱਤਾ ਹੈ, ਇਹ ਸਾਡੀ ਜ਼ਿੰਮੇਦਾਰੀ ਹੈ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਲ ਉਪਲਬਧ ਕਰਾਈਏ। ਸਾਨੂੰ ਪਾਣੀ ਬਚਾਉਣ ਦੀ ਸਹੁੰ ਚੁੱਕਣੀ ਚਾਹੀਦੀ ਹੈ।
- ਮੈਂ ਤਾਂ ਚਾਹਾਂਗਾ ਕਿ ਹੁਣ ਮਨਰੇਗਾ ਦਾ ਇੱਕ-ਇੱਕ ਪੈਸਾ, ਇੱਕ-ਇੱਕ ਪਾਈ ਵਰਖਾ ਆਉਣ ਤੱਕ ਸਿਰਫ ਇਸੇ ਕੰਮ ਲਈ ਹੀ ਲਗੇ। ਪਾਣੀ ਨਾਲ ਸਬੰਧਿਤ ਜੋ ਵੀ ਤਿਆਰੀਆਂ ਕਰਨੀਆਂ ਹਨ, ਮਨਰੇਗਾ ਦਾ ਪੈਸਾ ਇਨ੍ਹਾਂ ਉੱਤੇ ਹੀ ਲਗਣਾ ਚਾਹੀਦਾ ਹੈ, ਕਿਤੇ ਹੋਰ ਨਹੀਂ ਜਾਣਾ ਚਾਹੀਦਾ।
- ਭਾਰਤ ਦੇ ਵਿਕਾਸ ਅਤੇ ਆਤਮਨਿਰਭਰਤਾ ਦਾ ਵਿਜ਼ਨ ਸਾਡੇ ਜਲ ਸ੍ਰੋਤਾਂ ਉੱਤੇ ਨਿਰਭਰ ਹੈ, ਜਲ ਕਨੈਕਟੀਵਿਟੀ ਉੱਤੇ ਨਿਰਭਰ ਹੈ।
- ਆਜ਼ਾਦੀ ਦੇ ਬਾਅਦ ਪਹਿਲੀ ਵਾਰ ਕੋਈ ਸਰਕਾਰ ਪਾਣੀ ਦੀ ਜਾਂਚ ਨੂੰ ਲੈ ਕੇ ਇੰਨੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਹਰ ਪਿੰਡ ਵਿੱਚ ਘੱਟ ਤੋਂ ਘੱਟ 5 ਸਿਖਲਾਈ ਪ੍ਰਾਪਤ ਮਹਿਲਾਵਾਂ ਪਾਣੀ ਦੀ ਜਾਂਚ ਕਰ ਰਹੀਆਂ ਹਨ। ਵਾਟਰ ਗਵਰਨੈਂਸ ਵਿੱਚ ਸਾਡੀਆਂ ਭੈਣਾਂ-ਬੇਟੀਆਂ ਦੀ ਭੂਮਿਕਾ ਨੂੰ ਜਿੰਨਾ ਅਧਿਕ ਪ੍ਰੋਤਸਾਹਿਤ ਕੀਤਾ ਜਾਵੇਗਾ, ਉਤਨੇ ਹੀ ਬਿਹਤਰ ਨਤੀਜੇ ਮਿਲਣੇ ਤੈਅ ਹਨ।




ਜਲ ਕਨੈਕਟੀਵਿਟੀ ਦੀ ਪਹਿਲ ਵਿੱਚ ਬਿਹਤਰ ਪ੍ਰਬੰਧਨ ਅਤੇ ਨਤੀਜਿਆਂ ਦੇ ਲਈ ਕੇਂਦਰ ਸਰਕਾਰ ਵੱਲੋਂ ਟੈਕਨੋਲੋਜੀ ਦੇ ਜ਼ਿਆਦਾ ਤੋਂ ਜ਼ਿਆਦਾ ਇਸਤੇਮਾਲ ਉੱਤੇ ਵੀ ਜ਼ਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ।

## ਸਰਬਪੱਖੀ ਦ੍ਰਿਸ਼ਟੀਕੋਣ ਦੇ ਨਾਲ ਬਣ ਰਹੀ ਹੈ ਜਲ ਨੀਤੀ

ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਦੇ ਅਨੁਸਾਰ ਭਾਰਤ ਵਿੱਚ ਦੁਨੀਆ ਦਾ 4 ਫੀਸਦੀ ਪਾਣੀ ਹੈ ਜਦਕਿ ਇੱਥੇ ਦੁਨੀਆ ਦੀ 18 ਫੀਸਦੀ ਆਬਾਦੀ ਰਹਿੰਦੀ ਹੈ। ਕੇਂਦਰੀ ਭੂ-ਜਲ ਬੋਰਡ ਦੇ ਅਨੁਸਾਰ ਭਾਰਤ ਵਿੱਚ ਭੂਮੀਗਤ ਜਲ ਦਾ ਪੱਧਰ ਤੇਜ਼ੀ ਨਾਲ ਘਟ ਰਿਹਾ ਹੈ। ਦੁਨੀਆ ਭਰ ਦੇ ਕੁੱਲ ਭੂਮੀਗਤ ਜਲ ਦਾ 24 ਫੀਸਦੀ ਹਿੱਸਾ ਸਾਡੇ ਦੇਸ਼ ਵਿੱਚ ਇਸਤੇਮਾਲ ਹੋ ਰਿਹਾ ਹੈ। ਆਪਣੇ ਉਪਯੋਗ ਲਈ 40 ਫੀਸਦੀ ਪਾਣੀ ਸਾਨੂੰ ਭੂ-ਜਲ ਦੇ ਜ਼ਰੀਏ ਹੀ ਮਿਲਦਾ ਹੈ। ਕੁੱਲ ਵਰਤੋਂ ਯੋਗ ਜਲ ਸੰਸਾਧਨਾਂ ਵਿੱਚ ਭੂ-ਜਲ ਦਾ ਹਿੱਸਾ 432 ਅਰਬ ਕਿਊਬਕ ਘਣ ਮੀਟਰ ਹੈ। ਸਾਲ 2018 ਵਿੱਚ ਆਈ ਨੀਤੀ ਆਯੋਗ ਦੀ ਇੱਕ ਰਿਪੋਰਟ ਦੇ ਮੁਤਾਬਕ 2030 ਤੱਕ ਭਾਰਤ ਵਿੱਚ ਪਾਣੀ ਦੀ ਮੰਗ, ਉਪਲਬਧ ਜਲ ਵਿਤਰਣ ਤੋਂ ਦੁੱਗਣੀ ਹੋ ਜਾਵੇਗੀ। ਜਲ ਇੱਕ ਅਨਮੋਲ ਨਿਧੀ ਹੈ ਅਤੇ ਜਲ ਸੰਭਾਲ਼ ਦੀ ਮਹੱਤਤਾ ਨੂੰ ਸਮਝਦੇ ਹੋਏ 2019 ਵਿੱਚ ਜਲ ਨਾਲ ਜੁੜੇ ਹੋਏ ਸਾਰੇ ਕਾਰਜਾਂ ਨੂੰ ਇੱਕ ਹੀ ਮੰਤਰਾਲੇ (ਜਲ ਸ਼ਕਤੀ ਮੰਤਰਾਲਾ) ਦੇ ਤਹਿਤ ਕਰ ਦਿੱਤਾ ਗਿਆ ਸੀ। ਜਲ ਸੰਗ੍ਰਹਿਣ ਨੂੰ ਜਨ ਅੰਦੋਲਨ ਬਣਾਉਣ ਦਾ ਹੋਕਾ ਦਿੱਤਾ ਗਿਆ ਅਤੇ ਇਸ ਵਿਜ਼ਨ ਨੂੰ ਪੂਰਾ ਕਰਨ ਲਈ 2019 ਵਿੱਚ ਜਲ ਸੰਕਟ ਨਾਲ ਜੂਝ ਰਹੇ 256 ਜ਼ਿਲ੍ਹਿਆਂ ਵਿੱਚ ਜਲ-ਸ਼ਕਤੀ ਅਭਿਯਾਨ ਦੀ ਸ਼ੁਰੂਆਤ ਕੀਤੀ ਗਈ ਸੀ। ਹਰ ਘਰ ਜਲ ਅਤੇ ਅਟਲ ਭੂਜਲ ਜਿਹੀਆਂ ਕਈ ਯੋਜਨਾਵਾਂ ਨੂੰ ਲਾਗੂ ਕੀਤਾ ਗਿਆ ਜਿਸ ਨਾਲ ਗ੍ਰਾਮੀਣ ਖੇਤਰਾਂ ਵਿੱਚ ਕਰੋੜਾਂ ਲੋਕਾਂ ਦੇ ਘਰ ਪਾਣੀ ਪਹੁੰਚਿਆ ਅਤੇ ਭੂ-ਜਲ ਸ੍ਰੋਤਾਂ ਦਾ ਬਿਹਤਰ ਪ੍ਰਬੰਧਨ ਹੋਣ ਲਗਿਆ।

ਇਸ ਵਾਰ ਜਲਸ਼ਕਤੀ ਅਭਿਯਾਨ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿੱਚ ਸ਼ਹਿਰੀ ਅਤੇ ਗ੍ਰਾਮੀਣ, ਦੋਹਾਂ ਹੀ ਖੇਤਰਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਮੌਨਸੂਨ ਆਉਣ ਵਿੱਚ ਹਾਲੇ ਕੁਝ ਹਫਤਿਆਂ ਦਾ ਸਮਾਂ ਬਾਕੀ ਹੈ, ਇਸ ਲਈ ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਮੌਨਸੂਨ ਆਉਣ ਤੋਂ ਪਹਿਲਾਂ ਹੀ ਟੈਂਕਾਂ. ਤਲਾਬਾਂ, ਖੂਹਾਂ ਆਦਿ ਦੀ ਸਫਾਈ ਹੋਵੇ, ਮਿੱਟੀ ਕੱਢਣੀ ਹੈ ਤਾਂ ਇਹ ਕੰਮ ਹੋ ਜਾਵੇ। ਵਰਖਾ ਦਾ ਪਾਣੀ ਵਹਿ ਕੇ ਆਉਣ ਵਿੱਚ ਅਗਰ ਕੋਈ ਰੁਕਾਵਟ ਹੈ ਤਾਂ ਉਸ ਨੂੰ ਹਟਾਉਣਾ ਹੈ। ਇਸ ਪ੍ਰਕਾਰ ਦੇ ਸਭ ਕੰਮਾਂ ਦੇ ਲਈ ਪੂਰੀ ਸ਼ਕਤੀ ਲਗਾਉਣੀ ਹੈ ਤਾਕਿ ਜਲ ਸੰਗ੍ਰਹਿਣ ਦੀ ਸਮਰੱਥਾ ਵਧੇ। ●





# ਮਹਿਲਾਵਾਂ ਦੀ ਪ੍ਰੇਰਣਾ ਬਣੀ ਵੇਲੂ, ਨੌਜਵਾਨਾਂ ਦੀ ਊਰਜਾ ਖੁਦੀਰਾਮ ਬੋਸ

**ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾ ਰਿਹਾ ਰਾਸ਼ਟਰ ਆਪਣੀ ਵਿਕਾਸ ਯਾਤਰਾ ਵਿੱਚ ਮੀਲ ਦਾ ਇੱਕ ਅਜਿਹਾ ਪੱਥਰ ਬਣਨ ਜਾ ਰਿਹਾ ਹੈ, ਜਿੱਥੋਂ ਫਿਰ ਅਗਲੇ 25 ਸਾਲ ਦਾ 'ਸ਼ਤਾਬਦੀ ਸੰਕਲਪ' ਲਵੇਗਾ। ਨੌਜਵਾਨਾਂ ਦੀਆਂ ਆਕਾਂਖਿਆਵਾਂ ਅਤੇ 100ਵੀਂ ਵਰ੍ਹੇਗੰਢ ਦੇ ਮੌਕੇ 'ਤੇ 'ਨਿਊ ਇੰਡੀਆ' ਦਾ ਸੁਪਨਾ ਕਿਵੇਂ ਸਾਕਾਰ ਹੋਵੇ, ਇਸ ਦੇ ਲਈ ਜ਼ਰੂਰੀ ਹੈ ਕਿ ਦੇਸ਼ ਸੁਤੰਤਰਤਾ ਸੰਗ੍ਰਾਮ ਦੇ ਉਨ੍ਹਾਂ ਸੂਰਬੀਰਾਂ ਦੀ ਜੀਵਨ ਯਾਤਰਾ ਤੋਂ ਪ੍ਰੋਤਸਾਹਨ ਲਵੇ ਅਤੇ ਰਾਸ਼ਟਰ ਨਿਰਮਾਣ ਦਾ ਨਵਾਂ ਰਾਹ ਤਿਆਰ ਕਰੇ। ਅਜਿਹੇ ਸਮੇਂ 'ਨਿਊ ਇੰਡੀਆ ਸਮਾਚਾਰ' ਪੇਸ਼ ਕਰ ਰਿਹਾ ਹੈ ਪ੍ਰਮੁੱਖ ਸੈਨਾਨੀਆਂ ਅਤੇ ਗੁਮਨਾਮ ਨਾਇਕਾਂ ਦੀ ਸੰਘਰਸ਼ ਗਾਥਾ**

ਜਦੋਂ ਅਸੀਂ ਗੁਲਾਮੀ ਦੇ ਉਸ ਦੌਰ ਦੀ ਕਲਪਨਾ ਕਰਦੇ ਹਾਂ, ਜਦੋਂ ਕਰੋੜਾਂ ਲੋਕਾਂ ਨੇ ਸਦੀਆਂ ਤੱਕ ਆਜ਼ਾਦੀ ਦੀ ਇੱਕ ਸਵੇਰ ਦਾ ਇੰਤਜ਼ਾਰ ਕੀਤਾ, ਤਾਂ ਇਹ ਅਹਿਸਾਸ ਹੋਰ ਵੀ ਵਧ ਜਾਂਦਾ ਹੈ ਕਿ ਆਜ਼ਾਦੀ ਦੇ 75 ਸਾਲ ਦਾ ਮੌਕਾ ਕਿੰਨਾ ਯਾਦਗਾਰੀ ਅਤੇ ਗੌਰਵਸ਼ਾਲੀ ਹੈ। ਇਸ ਮੌਕੇ ਸਦੀਵੀ ਭਾਰਤ ਦੀ ਪਰੰਪਰਾ, ਸੁਤੰਤਰਤਾ ਸੰਗ੍ਰਾਮ ਦੀਆਂ ਝਲਕੀਆਂ ਅਤੇ ਆਜ਼ਾਦ ਭਾਰਤ ਦੀ ਗੌਰਵਮਈ ਪ੍ਰਗਤੀ ਵੀ ਪ੍ਰਦਰਸ਼ਿਤ ਕੀਤੀ ਜਾਵੇਗੀ। ਲੇਕਿਨ ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਅਜਿਹੇ ਵੀ ਕਈ ਅੰਦੋਲਨ ਅਤੇ ਸੰਘਰਸ਼ ਹਨ ਜੋ ਜਿਸ ਰੂਪ ਵਿੱਚ ਸਾਹਮਣੇ ਆਉਣੇ ਚਾਹੀਦੇ ਸਨ ਉਸ ਰੂਪ ਵਿੱਚ ਸਾਹਮਣੇ ਨਹੀਂ ਆਏ। ਜਦਕਿ ਹਰੇਕ ਸੰਗ੍ਰਾਮ ਆਪਣੇ ਆਪ ਵਿੱਚ ਝੂਠ ਦੇ ਖ਼ਿਲਾਫ਼ ਸੱਚ ਦਾ ਇੱਕ ਸਸ਼ਕਤ ਐਲਾਨ ਹੈ, ਭਾਰਤ ਦੇ ਸੁਤੰਤਰ ਸੁਭਾਅ ਦਾ ਸਬੂਤ ਹੈ। ਪ੍ਰਧਾਨ ਮੰਤਰੀ ਮੋਦੀ ਦੇ ਸ਼ਬਦਾਂ ਵਿੱਚ, "ਇਹ ਸੰਗ੍ਰਾਮ ਇਸ ਗੱਲ ਦਾ ਵੀ ਸਾਖਿਆਤ ਪ੍ਰਮਾਣ ਹੈ ਕਿ ਅਨਿਆਂ , ਸ਼ੋਸ਼ਣ ਅਤੇ ਹਿੰਸਾ ਦੇ ਖ਼ਿਲਾਫ਼ ਭਾਰਤ ਦੀ ਜੋ ਚੇਤਨਾ ਰਾਮ ਦੇ ਯੁਗ ਵਿੱਚ ਸੀ, ਮਹਾਭਾਰਤ ਦੇ ਕੁਰੂਕਸ਼ੇਤਰ ਵਿੱਚ ਸੀ, ਹਲਦੀਘਾਟੀ ਦੀ ਰਣਭੂਮੀ ਵਿੱਚ ਸੀ, ਸ਼ਿਵਾਜੀ ਦੀ ਲਲਕਾਰ ਵਿੱਚ ਸੀ, ਉਹੀ ਸਦੀਵੀ ਚੇਤਨਾ, ਉਹੀ ਸੂਰਬੀਰਤਾ, ਭਾਰਤ ਦੇ ਹਰ ਖੇਤਰ, ਹਰ ਵਰਗ ਅਤੇ ਹਰ ਸਮਾਜ ਨੇ ਆਜ਼ਾਦੀ ਦੀ ਲੜਾਈ ਸਮੇਂ ਆਪਣੇ ਅੰਦਰ ਪ੍ਰਜਵੱਲਿਤ ਕਰ ਰੱਖੀ ਸੀ।"

ਉਨ੍ਹਾਂ ਦਾ ਮੰਨਣਾ ਹੈ ਕਿ ਆਜ਼ਾਦੀ ਦੇ ਇਤਿਹਾਸ ਵਿੱਚ ਕੋਲ ਅੰਦੋਲਨ ਜਾਂ ਖਾਸੀ ਅੰਦੋਲਨ ਜਾਂ ਸੰਥਾਲ ਕ੍ਰਾਂਤੀ, ਕਛੋਹਾ ਕਛਾਰ, ਨਾਗਾ ਸੰਘਰਸ਼ ਜਾਂ ਫਿਰ ਕੂਕਾ ਅੰਦੋਲਨ, ਭੀਲ ਅੰਦੋਲਨ ਹੋਵੇ ਜਾਂ ਫਿਰ ਮੁੰਡਾ ਕ੍ਰਾਂਤੀ, ਸੰਨਿਆਸੀ ਅੰਦੋਲਨ ਹੋਵੇ ਜਾਂ ਰਮੋਸੀ ਸੰਘਰਸ਼, ਕਿੱਤੂਰ, ਤ੍ਰਾਵਣ ਕੋਰ ਅੰਦੋਲਨ, ਬਾਰਡੋਲੀ, ਚੰਪਾਰਣ ਸੱਤਿਆਗ੍ਰਹਿ, ਸੰਭਲਪੁਰ, ਚੁਆਰ, ਬੁੰਦੇਲ ਸੰਘਰਸ਼ ਜਿਹੇ ਕਿੰਨੇ ਹੀ ਸੰਘਰਸ਼ਾਂ ਅਤੇ ਅੰਦੋਲਨਾਂ ਨੇ ਦੇਸ਼ ਦੇ ਹਰ ਭੂ-ਭਾਗ ਨੂੰ, ਹਰ ਕਾਲ-ਖੰਡ ਵਿੱਚ ਆਜ਼ਾਦੀ ਦੀ ਜੋਤ ਨਾਲ ਪ੍ਰਜਵੱਲਿਤ ਰੱਖਿਆ। ਸਿੱਖ ਗੁਰੂ ਪਰੰਪਰਾ ਨੇ ਦੇਸ਼ ਦੇ ਸੱਭਿਆਚਾਰ, ਰੀਤੀ- ਰਿਵਾਜਾਂ ਦੀ ਰੱਖਿਆ ਲਈ ਨਵੀਂ ਊਰਜਾ, ਪ੍ਰੇਰਣਾ ਦਿੱਤੀ, ਤਿਆਗ ਅਤੇ ਬਲੀਦਾਨ ਦਾ ਰਸਤਾ ਦਿਖਾਇਆ। ਇਸ ਲਈ ਉਨ੍ਹਾਂ ਸੰਘਰਸ਼ਾਂ ਨੂੰ ਵਾਰ-ਵਾਰ ਯਾਦ ਕਰਨਾ ਚਾਹੀਦਾ ਹੈ।



# ਅੰਗ੍ਰੇਜ਼ੀ ਹਕੂਮਤ ਦੇ ਨੱਕ ਵਿੱਚ ਦਮ ਕਰਨ ਵਾਲੀ ਰਾਣੀ

ਤਮਿਲ ਨਾਡੂ ਦੀ ਵੇਲੂ ਨਾਚਿਯਾਰ ਉਹ ਪਹਿਲੀ ਮਹਾਰਾਣੀ ਸੀ ਜਿਸ ਨੇ ਅੰਗ੍ਰੇਜ਼ ਹਕੂਮਤ ਦੇ ਖ਼ਿਲਾਫ਼ ਲੜਾਈ ਲੜੀ। ਰਾਮਨਾਥਪੁਰਮ ਦੀ ਰਹਿਣ ਵਾਲੀ ਵੇਲੂ ਵਿਆਹ ਤੋਂ ਬਾਅਦ ਸ਼ਿਵਗੰਗਾ ਰਿਆਸਤ ਦੀ ਰਾਣੀ ਬਣੀ ਸੀ। 1772 ਵਿੱਚ ਅੰਗ੍ਰੇਜ਼ਾਂ ਨੇ ਸ਼ਿਵਗੰਗਾ ਉੱਤੇ ਕਬਜ਼ਾ ਕਰਨ ਲਈ ਉਸ ਉੱਤੇ ਹਮਲਾ ਕੀਤਾ ਅਤੇ ਵੇਲੂ ਦੇ ਪਤੀ ਨੇ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਦੂਤ ਭੇਜੇ। ਹਾਲਾਂਕਿ ਬ੍ਰਿਟਿਸ਼ ਸੈਨਾ ਨੇ ਹਮਲਾ ਕਰਕੇ ਵੇਲੂ ਦੇ ਪਤੀ ਦੀ ਹੱਤਿਆ ਕਰ ਦਿੱਤੀ ਜਿਸ ਤੋਂ ਬਾਅਦ ਉਸ ਨੇ ਆਪਣਾ ਬਦਲਾ ਲੈਣ ਲਈ ਦ੍ਰਿੜ੍ਹ ਸੰਕਲਪ ਲਿਆ। ਉਸ ਨੂੰ ਮਾਰੂੜ ਬ੍ਰਦਰਸ, ਕਈ ਵੱਡੇ ਸਰਦਾਰਾਂ ਅਤੇ ਵਫਾਦਾਰਾਂ ਸਹਿਤ ਆਪਣੇ ਅੰਗ-ਰੱਖਿਅਕਾਂ ਦੇ ਨੇਤਾ ਉਦਯਾਲ ਦੀ ਸਰਪ੍ਰਸਤੀ ਵੀ ਪ੍ਰਾਪਤ ਸੀ। ਬਹਾਦਰ ਵੇਲੂ ਨੇ ਮਹਿਲਾਵਾਂ ਦੀ ਇੱਕ ਹੋਰ ਬਟਾਲੀਅਨ ਖੜ੍ਹੀ ਕੀਤੀ ਅਤੇ ਉਸ ਨੂੰ ਉਦਯਾਲ ਰੈਜਮੈਂਟ ਨਾਮ ਦਿੱਤਾ। ਇਸ ਦੀ ਕਮਾਨ ਉਸ ਦੀ ਵਫਾਦਾਰ ਕੁਇਲੀ ਨੇ ਸੰਭਾਲ਼ੀ ਸੀ। ਕੁਇਲੀ ਨੇ ਕੁਝ ਮਹਿਲਾ ਛਾਪਾਮਾਰਾਂ ਨੂੰ ਅਭਿਯਾਨ ਤੇ ਲਗਾਇਆ ਅਤੇ ਜਦੋਂ ਖਾੜੀ ਵਿੱਚ ਅੰਗ੍ਰੇਜ਼ਾਂ ਨੇ ਉਨ੍ਹਾਂ ਨੂੰ ਫੜਿਆ ਤਾਂ ਉਸ ਨੇ ਗੋਲਾ-ਬਾਰੂਦ ਭੰਡਾਰ ਵਿੱਚ ਜਾ ਕੇ ਉਸ ਨੂੰ ਅੱਗ ਲਗਾ ਦਿੱਤੀ। ਇਸ ਦੌਰਾਨ ਉਸ ਦੀ ਮੌਤ ਹੋ ਗਈ। ਕਿਹਾ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਮਾਨਵ ਬੰਬ ਦਾ ਇਸਤੇਮਾਲ ਉਸ ਨੇ ਹੀ ਕੀਤਾ ਸੀ। ਵੇਲੂ ਨਾਚਿਯਾਰ ਨੇ ਅੰਗ੍ਰੇਜ਼ਾਂ ਦੇ ਕਬਜ਼ੇ ਵਿੱਚੋ ਸ਼ਿਵਗੰਗਾ ਨੂੰ ਮੁਕਤ ਕਰਾਇਆ ਅਤੇ ਉਹ ਉੱਥੋਂ ਦੀ ਮਹਾਰਾਣੀ ਬਣ ਗਈ ਅਤੇ 10 ਸਾਲ ਤੱਕ ਸ਼ਾਸਨ ਕੀਤਾ। 1947 ਵਿੱਚ ਰਿਆਸਤਾਂ ਦਾ ਰਲੇਵਾਂ ਹੋਣ ਤੱਕ ਸ਼ਿਵਗੰਗਾ ਉੱਤੇ ਉਨ੍ਹਾਂ ਦੇ ਪਰਿਵਾਰ ਦਾ ਹੀ ਸ਼ਾਸਨ ਰਿਹਾ। ਭਾਰਤ ਸਰਕਾਰ ਨੇ 2008 ਵਿੱਚ ਉਸ ਦੇ ਸਨਮਾਨ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ।


# ਸ਼ਹੀਦ ਹੋ ਕੇ ਆਜ਼ਾਦੀ ਦੀ ਅਲਖ ਜਗਾਉਣ ਵਾਲੇ ਸਭ ਤੋਂ ਯੁਵਾ ਕ੍ਰਾਂਤੀਕਾਰੀ



ਖੁਦੀਰਾਮ ਬੋਸ ਭਾਰਤੀ ਸੁਤੰਤਰਤਾ ਸੰਗ੍ਰਾਮ ਦੇ ਸਭ ਤੋਂ ਯੁਵਾ ਕ੍ਰਾਂਤੀਕਾਰੀਆਂ ਵਿੱਚੋਂ ਇੱਕ ਸਨ। ਖੁਦੀਰਾਮ ਬੋਸ ਭਾਰਤੀ ਸੁਤੰਤਰਤਾ ਸੰਗ੍ਰਾਮ ਦੇ ਇੱਕ ਅਜਿਹੇ ਨਾਇਕ ਹਨ ਜਿਨ੍ਹਾਂ ਨੂੰ ਅੰਗ੍ਰੇਜ਼ਾਂ ਨੇ 18 ਸਾਲ ਦੀ ਉਮਰ ਵਿੱਚ 11 ਅਗਸਤ, 1908 ਨੂੰ ਬਿਹਾਰ ਦੇ ਮੁਜ਼ੱਫਰਪੁਰ ਦੀ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਸੀ। ਖੁਦੀਰਾਮ ਬੋਸ ਦਾ ਜਨਮ 3 ਸਤੰਬਰ, 1889 ਨੂੰ ਸਾਂਝੇ ਬੰਗਾਲ ਦੇ ਮਿਦਨਾਪੁਰ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਹੋਇਆ ਸੀ। ਬਚਪਨ ਵਿੱਚ ਹੀ ਆਪਣੇ ਮਾਤਾ-ਪਿਤਾ ਨੂੰ ਗਵਾ ਲੈਣ ਵਾਲੇ ਖੁਦੀਰਾਮ ਬੋਸ ਦਾ ਪਾਲਣ- ਪੋਸ਼ਣ ਉਨ੍ਹਾਂ ਦੀ ਵੱਡੀ ਭੈਣ ਨੇ ਕੀਤਾ ਸੀ। 1905 ਵਿੱਚ 'ਬੰਗ-ਭੰਗ' ਯਾਨੀ ਬੰਗਾਲ ਵੰਡ ਤੋਂ ਬਾਅਦ ਉਹ ਦੇਸ਼ ਦੀ ਆਜ਼ਾਦੀ ਦੇ ਲਈ ਅੰਦੋਲਨ ਵਿੱਚ ਕੁੱਦ ਪਏ ਅਤੇ ਸਤਯੇਨ ਬੋਸ ਦੀ ਅਗਵਾਈ ਹੇਠ ਆਪਣਾ ਕ੍ਰਾਂਤੀਕਾਰੀ ਜੀਵਨ ਆਰੰਭ ਕੀਤਾ। ਬੋਸ ਨੂੰ ਇੱਕ ਜ਼ਾਲਮ ਅੰਗ੍ਰੇਜ਼ ਅਧਿਕਾਰੀ ਕਿੰਗਸਫੋਰਡ ਨੂੰ ਮਾਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਅਤੇ ਇਸ ਸਿਲਸਿਲੇ ਵਿੱਚ ਉਹ ਬਿਹਾਰ ਦੇ ਮੁਜ਼ੱਫਰਪੁਰ ਪਹੁੰਚੇ ਸਨ। ਇੱਕ ਦਿਨ ਮੌਕਾ ਦੇਖ ਕੇ ਉਨ੍ਹਾਂ ਨੇ ਕਿੰਗਸਫੋਰਡ ਦੀ ਬੱਘੀ ਉੱਤੇ ਬੰਬ ਸੁੱਟ ਦਿੱਤਾ। ਸੰਯੋਗ ਨਾਲ ਉਸ ਬੱਘੀ ਵਿੱਚ ਉਸ ਸਮੇਂ ਕਿੰਗਸਫੋਰਡ ਨਹੀਂ ਬਲਕਿ ਕਿਸੇ ਹੋਰ ਅਧਿਕਾਰੀ ਦੀ ਪਤਨੀ ਅਤੇ ਬੇਟੀ ਸਨ। ਹਮਲੇ ਵਿੱਚ ਉਨ੍ਹਾਂ ਦੋਹਾਂ ਦੀ ਹੀ ਮੌਤ ਹੋ ਗਈ ਲੇਕਿਨ ਇਸ ਘਟਨਾ ਤੋਂ ਬਾਅਦ ਪੁਲਿਸ ਉਨ੍ਹਾਂ ਦੇ ਪਿੱਛੇ ਪੈ ਗਈ ਅਤੇ ਆਖਿਰਕਾਰ ਉਨ੍ਹਾਂ ਨੂੰ ਪਕੜ ਲਿਆ ਗਿਆ ਅਤੇ ਫਾਂਸੀ ਦੀ ਸਜ਼ਾ ਸੁਣਾਈ ਗਈ। ●




## ਨੈਸ਼ਨਲ ਟੈਸਟਿੰਗ ਏਜੰਸੀ



# ਯੋਗਤਾ ਦੀ ਪਰੀਖਿਆ

ਮਈ 2018 ਵਿੱਚ ਨੈਸ਼ਨਲ ਟੈਸਟਿੰਗ ਏਜੰਸੀ (ਐੱਨਟੀਏ) ਦੇ ਰੂਪ ਵਿੱਚ ਇੱਕ ਅਜਿਹੀ ਅੰਤਰਰਾਸ਼ਟਰੀ ਸੰਸਥਾ ਹੋਂਦ ਵਿੱਚ ਆਈ, ਜਿਸ ਨੇ ਬਹੁਤ ਘੱਟ ਸਮੇਂ ਵਿੱਚ ਯੋਗਤਾ ਅਤੇ ਸਮਰੱਥਾ ਦੇ ਮੁੱਲਾਂਕਣ ਦੀ ਦਸ਼ਾ ਅਤੇ ਦਿਸ਼ਾ ਬਦਲ ਕੇ ਰੱਖ ਦਿੱਤੀ ਹੈ, ਤਾਕਿ ਪਰੀਖਿਆ ਦੇ ਪੱਧਰ ਨੂੰ ਬੱਚਿਆਂ ਦੇ ਬੌਧਿਕ ਪੱਧਰ ਨਾਲ ਜੋੜ ਕੇ ਬੱਚਿਆਂ ਨੂੰ ਗਲੋਬਲ ਕੰਪੀਟੀਸ਼ਨ ਦੇ ਅਨੁਕੂਲ ਗਿਆਨ ਨਾਲ ਲੈਸ ਕੀਤਾ ਜਾ ਸਕੇ। ਅਸਾਨ ਸ਼ਬਦਾਂ ਵਿੱਚ ਕਿਹਾ ਜਾਏ ਤਾਂ ਪਹਿਲੀ ਵਾਰ ਸਾਡੀ ਸਿੱਖਿਆ ਵਿਵਸਥਾ ਨੂੰ ਰੈਂਕਿੰਗ ਦੀ ਬਜਾਏ ਯੋਗਤਾ ਉੱਤੇ ਅਧਾਰਿਤ ਬਣਾਉਣ ਅਤੇ ਵਿਗਿਆਨਕ ਸੋਚ 'ਤੇ ਚਲ ਕੇ ਇੱਕ ਮਜ਼ਬੂਤ ਢਾਂਚਾ ਖੜ੍ਹਾ ਕਰਨ ਦੀ ਸ਼ੁਰੂਆਤ ਨੈਸ਼ਨਲ ਟੈਸਟਿੰਗ ਏਜੰਸੀ ਨਾਲ ਹੀ ਹੁੰਦੀ ਹੈ।

**ਪ੍ਰਮੋਦ ਕੁਮਾਰ ਪਾਸਵਾਨ ਨੇ ਪਿਛਲੇ ਸਾਲ ਹੀ ਰਾਸ਼ਟਰੀ ਪਾਤਰਤਾ ਪਰੀਖਿਆ (ਨੈੱਟ) ਕੁਆਲੀਫਾਈ ਕੀਤੀ। ਉਹ 4 ਸਾਲ ਪਹਿਲਾਂ ਵੀ ਨੈੱਟ ਦੀ ਪਰੀਖਿਆ ਦੇ ਚੁੱਕੇ ਹਨ, ਓਦੋਂ ਇਸ ਦਾ ਆਯੋਜਨ ਸੀਬੀਐੱਸਈ ਦੇ ਹੱਥਾਂ ਵਿੱਚ ਸੀ। ਭਾਰਤ ਵਿੱਚ ਪ੍ਰਵੇਸ਼ ਪਰੀਖਿਆ ਦਾ ਪੂਰਾ ਢਾਂਚਾ ਬਦਲਣ ਦਾ ਸਿਲਾ ਐੱਨਟੀਏ ਨੂੰ ਦਿੰਦੇ ਹੋਏ ਪ੍ਰਮੋਦ ਕਹਿੰਦੇ ਹਨ, "ਪਹਿਲਾਂ ਪਰੀਖਿਆ ਵਿੱਚ ਅਜਿਹੇ ਸਵਾਲ ਆਉਂਦੇ ਸਨ ਜੋ ਕਿਤਾਬ ਵਿੱਚ ਹੁੰਦੇ ਸਨ ਅਤੇ ਸਵਾਲ ਪੜ੍ਹਿਆ-ਪੜ੍ਹਿਆ ਜਿਹਾ ਲਗਦਾ ਸੀ। ਲੇਕਿਨ ਹੁਣ ਨਵੇਂ ਤਰੀਕੇ ਦੇ ਸਮਕਾਲੀ ਸਵਾਲ ਆਉਂਦੇ ਹਨ, ਜੋ ਸਿਧਾਂਤਕ ਨਾ ਹੋ ਕੇ ਵਿਵਹਾਰਿਕ ਗਿਆਨ ਦਾ ਅਹਿਸਾਸ ਕਰਾਉਂਦੇ ਹਨ।" ਪ੍ਰਮੋਦ ਦੀ ਤਰ੍ਹਾਂ ਹੀ ਨੈੱਟ ਪਰੀਖਿਆ ਦੇਣ ਵਾਲੇ ਮੁਦਰਿਕਾ ਪ੍ਰਸਾਦ ਮੰਡਲ ਕਹਿੰਦੇ ਹਨ, "ਔਫਲਾਈਨ ਪਰੀਖਿਆ ਵਿੱਚ ਪੂਰਾ ਦਿਨ ਬਰਬਾਦ ਹੁੰਦਾ ਸੀ ਪਰੰਤੂ ਹੁਣ ਔਨਲਾਈਨ ਪਰੀਖਿਆ ਵਿੱਚ ਮਹਿਜ਼ ਤਿੰਨ ਘੰਟਿਆਂ ਵਿੱਚ ਪੇਪਰ ਹੋ ਜਾਂਦਾ ਹੈ। ਓਐੱਮਆਰ ਸ਼ੀਟ ਉੱਤੇ ਗੋਲਾ ਲਗਾਉਣ ਵਿੱਚ ਹੁਣ ਅਸਾਨੀ ਹੋ ਗਈ ਹੈ ਕਿਉਂਕਿ ਪੇਪਰ ਸਬਮਿਟ ਕਰਦੇ ਵਕਤ ਗੋਲਾ ਬਦਲਣ ਦਾ ਵਿਕਲਪ ਰਹਿੰਦਾ ਹੈ ਜੋ ਔਫਲਾਈਨ ਵਿੱਚ ਨਹੀਂ ਸੀ।" ਪ੍ਰਤੀਯੋਗੀ ਪਰੀਖਿਆ ਦੀ ਤਿਆਰੀ ਕਰਨ ਵਾਲੇ ਇਨ੍ਹਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਐੱਨਟੀਏ ਦੇ ਪਰੀਖਿਆ ਪੈਟਰਨ ਨਾਲ ਕਾਗਜ਼ ਦੀ ਬੱਚਤ ਹੁੰਦੀ ਹੈ, ਵਾਤਾਵਰਣ ਦੀ ਸੰਭਾਲ਼ ਲਈ ਵੀ ਬਿਹਤਰ ਹੈ ਅਤੇ ਸਿਧਾਂਤਕ ਸਵਾਲਾਂ ਦੀ ਬਜਾਏ ਵਿਵਹਾਰਿਕ ਵਿਸ਼ਿਆਂ 'ਤੇ ਸਵਾਲ ਇਸ ਪਰੀਖਿਆ ਦੀ ਅਹਿਮੀਅਤ ਨੂੰ ਵਧਾਉਂਦੇ ਹਨ ਕਿਉਂਕਿ ਗਿਆਨ ਦੀ ਅਸਲੀ ਪਹਿਚਾਣ ਇਸ ਦੇ ਜ਼ਰੀਏ ਹੀ ਹੋ ਪਾ ਰਹੀ ਹੈ।**

ਅਕਸਰ ਆਪ ਨੇ ਦੇਖਿਆ ਸੁਣਿਆ ਹੋਵੇਗਾ ਕਿ ਬੱਚਾ ਡਾਕਟਰ ਬਣਨਾ ਚਾਹੁੰਦਾ ਸੀ ਲੇਕਿਨ ਮਾਤਾ ਪਿਤਾ ਜਾਂ ਹੋਰ ਪਰਿਸਥਿਤੀਆਂ ਨੇ ਉਸ ਨੂੰ ਇੰਜੀਨੀਅਰਿੰਗ ਦੀ ਦਿਸ਼ਾ ਵੱਲ ਧਕੇਲ ਦਿੱਤਾ। ਨਤੀਜਾ ਹੁੰਦਾ ਹੈ ਕਿ ਪ੍ਰਤੀਯੋਗੀ ਪਰੀਖਿਆ ਦੇ ਦੌਰਾਨ ਮੈਰਿਟ ਲਿਸਟ ਵਿੱਚ ਉਸ ਬੱਚੇ ਦੀ ਰੈਂਕਿੰਗ ਉਹ ਨਹੀਂ ਆ ਪਾਉਂਦੀ ਕਿ ਉਹ ਮਨ ਪਸੰਦ ਸੰਸਥਾਨਾਂ ਵਿੱਚ ਆਪਣੀ ਇੱਛਾ ਅਨੁਸਾਰ ਵਿਸ਼ੇ ਚੁਣ ਸਕੇ। ਅਜਿਹੇ ਵਿੱਚ ਬੱਚਾ ਜਾਂ ਤਾਂ ਦੁਬਾਰਾ ਤਿਆਰੀ ਕਰਦਾ ਹੈ ਜਾਂ ਫਿਰ ਕਿਸੇ ਦੂਸਰੇ ਵਿਸ਼ੇ ਦੀ ਤਰਫ ਮੁੜ ਕੇ ਜੀਵਨ ਦਾ ਲਕਸ਼ ਹੀ ਬਦਲ ਲੈਂਦਾ ਹੈ। ਲੇਕਿਨ ਆਜ਼ਾਦ ਭਾਰਤ ਵਿੱਚ ਸਮਰੱਥਾ ਦੀ ਸਹੀ ਪਹਿਚਾਣ ਅਤੇ ਵਿਦਿਆਰਥੀ ਦੇ ਅੰਦਰੋਂ ਉਸ ਦੀ ਯੋਗਤਾ ਨੂੰ ਬਾਹਰ ਲਿਆ ਕੇ ਉਸ ਦਾ ਭਰਪੂਰ ਲਾਭ ਉਠਾਉਣ ਦੀ ਉਹੋ-ਜਿਹੀ ਪਹਿਲ ਕਦੇ ਨਹੀਂ ਹੋਈ, ਜਿਹੋ-ਜਿਹੀ ਦੁਨੀਆ ਦੇ ਵਿਕਸਿਤ ਦੇਸ਼ਾਂ ਵਿੱਚ ਹੁੰਦੀ ਹੈ। ਇਸ ਵਿਸ਼ੇ ਦਾ ਵਿਆਪਿਕ ਅਧਿਐਨ ਅਤੇ ਵਿਸ਼ਾ ਮਾਹਿਰਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਨਵੰਬਰ, 2017 ਵਿੱਚ ਕੇਂਦਰੀ ਕੈਬਨਿਟ ਨੇ ਇੱਕ ਅਜਿਹੀ ਪਰੀਖਿਆ ਏਜੰਸੀ ਦੇ ਗਠਨ ਨੂੰ ਮਨਜ਼ੂਰੀ ਦਿੱਤੀ ਜੋ ਖੁਦ ਆਪਣੇ ਸੰਸਾਧਨ ਜੁਟਾ ਕੇ ਬੱਚਿਆਂ ਦੀ ਬੌਧਿਕ ਸਮਰੱਥਾ ਨੂੰ ਬਾਹਰ ਲਿਆ ਕੇ ਉਨ੍ਹਾਂ ਨੂੰ ਸਹੀ ਜਗ੍ਹਾ 'ਤੇ ਸਥਾਪਿਤ ਕਰਨ ਦਾ ਕੰਮ ਕਰੇ। ਇਸ ਦਿਸ਼ਾ ਵਿੱਚ ਨੈਸ਼ਨਲ ਟੈਸਟਿੰਗ ਏਜੰਸੀ (ਐੱਨਟੀਏ) ਲਗਾਤਾਰ ਕੰਮ ਕਰ ਰਹੀ ਹੈ। ਮਈ, 2018 ਵਿੱਚ ਇਸ ਸੰਸਥਾ ਦੇ ਹੋਂਦ ਵਿੱਚ ਆਉਣ ਦੇ ਬਾਅਦ ਮਹਿਜ਼ ਤਿੰਨ ਸਾਲ ਵਿੱਚ ਹੀ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਵਿਦਿਆਰਥੀਆਂ ਦਾ ਸਹੀ ਆਕਲਨ ਕਰਨ ਲਈ ਇਹ ਵਰਦਾਨ ਸਾਬਤ ਹੋ ਰਹੀ ਹੈ। ਐੱਨਟੀਏ ਸਿਰਫ ਪਰੀਖਿਆ ਦੇ ਜ਼ਰੀਏ ਹੀ ਮੁੱਲਾਂਕਣ ਨਹੀਂ ਕਰ ਰਹੀ ਬਲਕਿ ਪਰੀਖਿਆ ਦੇ ਦੌਰਾਨ ਸਵਾਲ ਹੱਲ ਕਰਨ ਦੇ ਵਿਦਿਆਰਥੀਆਂ ਦੇ ਤੌਰ- ਤਰੀਕਿਆਂ, ਸਮੇਂ ਅਤੇ ਸਮਝ ਆਦਿ ਦਾ ਆਕਲਨ ਕਰਕੇ ਸਬੰਧਿਤ ਬੋਰਡ ਜਾਂ ਮਾਹਿਰਾਂ ਨੂੰ ਵੀ ਜ਼ਰੂਰੀ ਬਦਲਾਅ ਦਾ ਸੁਝਾਅ ਦੇ ਰਹੀ ਹੈ ਤਾਕਿ ਪਰੀਖਿਆ ਦੇ ਨਾਲ-ਨਾਲ ਸਿੱਖਿਆ ਦੀ ਵਿਵਸਥਾ ਦਾ ਮਿਆਰ ਵੀ ਅੰਤਰਰਾਸ਼ਟਰੀ ਪੱਧਰ ਦਾ ਬਣੇ।

ਦਰਅਸਲ ਭਾਰਤ ਵਿੱਚ ਉੱਚ ਸਿੱਖਿਆ ਸੰਸਥਾਨਾਂ ਦੇ ਪ੍ਰੋਫੈਸ਼ਨਲ ਕੋਰਸਾਂ ਵਿੱਚ ਦਾਖਲੇ ਦੇ ਲਈ ਪ੍ਰਵੇਸ਼ ਪਰੀਖਿਆ ਇੱਕ ਪੂਰਵ ਨਿਰਧਾਰਿਤ ਪੈਟਰਨ 'ਤੇ ਹੀ ਕਰਵਾਈ ਜਾਂਦੀ ਸੀ। ਇਨ੍ਹਾਂ ਪ੍ਰਵੇਸ਼ ਪਰੀਖਿਆਵਾਂ ਦੇ ਆਯੋਜਨ ਦੇ ਪਿੱਛੇ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਵਿਵਹਾਰਿਕ ਗਿਆਨ ਦੇ ਪਰੀਖਣ ਦਾ ਅਭਾਵ ਸੀ।

> **"ਜੋ ਲੋਕ ਸਾਲ ਦਾ ਸੋਚਦੇ ਹਨ ਅਨਾਜ ਬੀਜਦੇ ਹਨ, ਜੋ ਦਸ ਸਾਲ ਦਾ ਸੋਚਦੇ ਹਨ ਉਹ ਫਲਾਂ ਦਾ ਰੁੱਖ ਲਗਾਉਂਦੇ ਹਨ, ਲੇਕਿਨ ਜੋ ਪੀੜ੍ਹੀਆਂ ਦਾ ਸੋਚਦੇ ਹਨ ਉਹ ਇਨਸਾਨ ਨੂੰ ਤਰਾਸ਼ਦੇ ਹਨ। ਭਾਵ ਉਸ ਨੂੰ ਸਾਖ਼ਰ, ਸੰਸਕਾਰਿਤ, ਅਤੇ ਜੀਵਨ ਦੇ ਲਈ ਤਿਆਰ ਕਰਦੇ ਹਨ। ਅਸੀਂ ਆਪਣੀ ਸਿੱਖਿਆ ਪ੍ਰਣਾਲੀ ਨੂੰ ਜੀਵਨ ਨਿਰਮਾਣ ਦੇ ਨਾਲ ਜੀਵੰਤ ਬਣਾਉਣਾ ਹੈ।"**
>
> — ਨਰੇਂਦਰ ਮੋਦੀ, ਪ੍ਰਧਾਨ ਮੰਤਰੀ

**60** ਲੱਖ ਪਰੀਖਿਆਰਥੀ ਬੈਠਦੇ ਹਨ ਹਰ ਸਾਲ ਵਿਭਿੰਨ ਸੰਸਥਾਨਾਂ ਦੀਆਂ ਪ੍ਰਵੇਸ਼ ਪਰੀਖਿਆਵਾਂ ਵਿੱਚ



# ਐੱਨਟੀਏ ਨੇ ਘੱਟ ਕੀਤਾ ਭਾਰ; ਯੂਜੀਸੀ, ਸੀਬੀਐੱਸਈ ਅਤੇ ਏਆਈਸੀਟੀਈ ਦਾ ਧਿਆਨ ਹੁਣ ਸਿਰਫ਼ ਅਕਾਦਮਿਕ ਪ੍ਰੋਗਰਾਮਾਂ 'ਤੇ




ਹੁਣ ਉਚੇਰੀ ਸਿੱਖਿਆ ਸੰਸਥਾਵਾਂ ਵਿੱਚ ਦਾਖ਼ਲੇ ਦੇ ਲਈ ਆਯੋਜਿਤ ਹੋਣ ਵਾਲੀਆਂ ਦਾਖਲਾ ਪਰੀਖਿਆਵਾਂ ਦਾ ਪੈਟਰਨ ਅੰਤਰਰਾਸ਼ਟਰੀ ਮਾਪਦੰਡਾਂ ਦੇ ਅਨੁਸਾਰ ਕਰਨ 'ਤੇ ਧਿਆਨ ਦਿੱਤਾ ਗਿਆ ਹੈ। ਜਦਕਿ ਲਾਰਡ ਮੈਕਾਲੇ ਦੀ ਸਿੱਖਿਆ ਪੱਧਤੀ ਭਾਰਤੀਆਂ ਨੂੰ ਕਲਰਕ ਬਣਾਉਣ ਤੱਕ ਸੀਮਤ ਸੀ। ਤਦ ਮੈਕਾਲੇ ਦੀ ਸੋਚ ਸੀ ਕਿ ਥੋੜ੍ਹੀ ਬਹੁਤ ਅੰਗਰੇਜ਼ੀ ਸਿਖਾ ਕੇ ਉਨ੍ਹਾਂ ਨੂੰ ਅੰਗਰੇਜ਼ੀ ਹਕੂਮਤ ਨਾਲ ਗੱਲਬਾਤ ਕਰਨ ਯੋਗ ਬਣਾਇਆ ਜਾਵੇ। ਉਦੋਂ ਤੋਂ ਲੈ ਕੇ ਬੀਤੇ ਕੁਝ ਸਾਲਾਂ ਤੱਕ ਕਿਸੇ ਵੀ ਸਰਕਾਰ ਨੇ ਸਿੱਖਿਆ ਪੱਧਤੀ ਵਿੱਚ ਬਦਲਾਅ ਲਿਆ ਕੇ ਉਸ ਨੂੰ ਅੰਤਰਰਾਸ਼ਟਰੀ ਪੱਧਰ ਦਾ ਬਣਾਉਣ ਦੀ ਕੋਈ ਪਹਿਲ ਨਹੀਂ ਕੀਤੀ।ਲੇਕਿਨ ਹੁਣ ਉਚੇਰੀ ਸਿੱਖਿਆ ਪ੍ਰਣਾਲੀ ਨੂੰ ਵਿਸ਼ਵ ਪੱਧਰੀ ਬਣਾਉਣ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਜ਼ਨ ਦਾ ਹੀ ਨਤੀਜਾ ਹੈ ਕਿ ਭਾਰਤ ਵਿੱਚ ਪਹਿਲੀ ਵਾਰ ਕੌਸ਼ਲ ਦੇ ਨਾਲ ਯੋਗਤਾ ਦੀ ਸਹੀ ਪਹਿਚਾਣ ਦੇ ਲਈ ਨੈਸ਼ਨਲ ਟੈਸਟਿੰਗ ਏਜੰਸੀ ਜਿਹੀ ਸੰਸਥਾ ਦੀ ਸਥਾਪਨਾ ਕੀਤੀ ਗਈ ਅਤੇ ਉਨ੍ਹਾਂ ਦਾ ਹੀ ਨਜ਼ਰੀਆ 34 ਸਾਲ ਬਾਅਦ ਆਈ ਨਵੀਂ ਸਿੱਖਿਆ ਨੀਤੀ ਦਾ ਅਧਾਰ ਬਣਿਆ ਹੈ। ਹਾਲਾਂਕਿ ਦਾਖ਼ਲਾ ਪਰੀਖਿਆਵਾਂ ਦੀ ਪੂਰੀ ਪ੍ਰਣਾਲੀ ਨੂੰ ਬਦਲਣ ਦਾ ਇਹ ਸਫਰ ਐਨਾ ਅਸਾਨ ਨਹੀਂ ਸੀ।ਐੱਨਟੀਏ ਦੇ ਗਠਨ ਦੇ ਪਿੱਛੇ ਕਈ ਹੋਰ ਕਾਰਨ ਵੀ ਸੀ।



## ਵਾਧੂ ਜ਼ਿੰਮੇਦਾਰੀ

ਆਜ਼ਾਦੀ ਤੋਂ ਬਾਅਦ ਜਦੋਂ ਭਾਰਤ ਦੀ ਸਿੱਖਿਆ ਵਿਵਸਥਾ ਨੂੰ ਬਿਹਤਰ ਕਰਨ ਦੀ ਤਿਆਰੀ ਸ਼ੁਰੂ ਹੋਈ ਤਾਂ ਕਈ ਅਜਿਹੇ ਨਿਯਾਮਕ ਜਾਂ ਏਜੰਸੀਆਂ ਦਾ ਗਠਨ ਕੀਤਾ ਗਿਆ ਜਿਨ੍ਹਾਂ ਨੇ ਆਪਣੇ ਇੱਕ ਖ਼ਾਸ ਦਾਇਰੇ ਵਿੱਚ ਰਹਿ ਕੇ ਕੰਮ ਕਰਨਾ ਸੀ। ਜਿਵੇਂ-ਉਚੇਰੀ ਸਿੱਖਿਆ ਦੀ ਬਿਹਤਰੀ ਦੇ ਲਈ 1956 ਵਿੱਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ), ਸਕੂਲੀ ਸਿੱਖਿਆ ਦੇ ਲਈ 1962 ਵਿੱਚ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਆਦਿ। ਇਨ੍ਹਾਂ ਸਾਰੀਆਂ ਸੰਸਥਾਵਾਂ ਦਾ ਕਾਰਜ ਖੇਤਰ ਨਿਰਧਾਰਿਤ ਸੀ। ਲੇਕਿਨ ਬਾਵਜੂਦ ਇਸ ਦੇ ਇਨ੍ਹਾਂ ਦੇ ਜ਼ਿੰਮੇ ਕਈ ਹੋਰ ਵੀ ਕੰਮ ਸਨ। ਜਿਵੇਂ ਅਸਿਸਟੈਂਟ ਪ੍ਰੋਫ਼ੈਸਰ ਦੇ ਲਈ ਪਾਤਰਤਾ ਪਰੀਖਿਆ ਪਹਿਲਾਂ ਯੂਜੀਸੀ ਅਤੇ ਫਿਰ ਸੀਬੀਐੱਸਈ ਦੇ ਜ਼ਿੰਮੇ ਆ ਗਈ। ਅਜਿਹੀਆਂ ਤਮਾਮ ਅਲੱਗ-ਅਲੱਗ ਪਾਤਰਤਾ ਪਰੀਖਿਆਵਾਂ ਦੇ ਲਈ ਅਲੱਗ ਸੰਸਥਾ ਜ਼ਿੰਮੇਵਾਰ ਸੀ। ਇਸ ਤਰ੍ਹਾਂ ਨਾਲ ਇਨ੍ਹਾਂ ਸੰਸਥਾਵਾਂ ਦੇ ਖੁਦ ਦੇ ਕੰਮ 'ਤੇ ਵੀ ਅਸਰ ਪੈ ਰਿਹਾ ਸੀ।






## ਪਰੀਖਿਆ ਤੋਂ ਮੁੱਲਾਂਕਣ ਤੱਕ ਲੰਬਾ ਵਕਤ

ਸਾਰੀਆਂ ਪਰੀਖਿਆਵਾਂ ਔਫਲਾਈਨ ਮੋਡ ਵਿੱਚ ਹੁੰਦੀਆਂ ਸਨ। ਪਰੀਖਿਆ ਤੋਂ ਬਾਅਦ ਉੱਤਰ ਸ਼ੀਟ ਇਕੱਠੀ ਕੀਤੀ ਜਾਂਦੀ ਅਤੇ ਫਿਰ ਉਨ੍ਹਾਂ ਨੂੰ ਪਰੀਖਿਆ ਕਰਵਾਉਣ ਵਾਲੀ ਏਜੰਸੀ ਤੱਕ ਭੇਜਣ ਵਿੱਚ ਸਮਾਂ ਲਗਦਾ ਸੀ। ਇਸ ਤੋਂ ਬਾਅਦ ਮੁੱਲਾਂਕਣ ਹੁੰਦਾ। ਇਸ ਪੂਰੀ ਪ੍ਰਕਿਰਿਆ ਤੋਂ ਬਾਅਦ ਇਕੱਲੇ ਨਤੀਜੇ ਐਲਾਨਣ ਵਿੱਚ ਹੀ ਕਦੇ-ਕਦੇ ਮਹੀਨੇ ਤੋਂ ਵੀ ਜ਼ਿਆਦਾ ਸਮਾਂ ਲਗ ਜਾਂਦਾ ਸੀ। ਇਸ ਲਈ ਸਾਰੀਆਂ ਪਰੀਖਿਆਵਾਂ ਸਾਲ ਵਿੱਚ ਸਿਰਫ਼ ਇੱਕ ਵਾਰ ਹੀ ਹੋ ਪਾਉਂਦੀਆਂ ਸਨ।

## ਭਾਰੀ ਸੰਸਾਧਨਾਂ ਦੀ ਜ਼ਰੂਰਤ

ਪਰੀਖਿਆ ਔਫਲਾਈਨ ਮੋਡ ਵਿੱਚ ਹੋਣ ਦੀ ਵਜ੍ਹਾ ਇਸ ਦੀ ਤਿਆਰੀ, ਪ੍ਰਸ਼ਨ ਪੱਤਰ ਤਿਆਰ ਕਰਨ ਤੋਂ ਲੈ ਕੇ ਪਰੀਖਿਆ ਕਰਵਾਉਣ ਅਤੇ ਫਿਰ ਮੁੱਲਾਂਕਣ ਕਰਕੇ ਨਤੀਜੇ ਐਲਾਨਣ ਤੱਕ ਦੀ ਪ੍ਰਕਿਰਿਆ ਪੂਰੀ ਕਰਨ ਦੇ ਲਈ ਭਾਰੀ ਸੰਸਾਧਨਾਂ ਦੀ ਜ਼ਰੂਰਤ ਹੁੰਦੀ ਸੀ। ਦਾਖ਼ਲਾ ਪਰੀਖਿਆ ਦੀ ਜ਼ਿਆਦਾਤਰ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਲਈ ਸੀਬੀਐੱਸਈ ਅਤੇ ਏਆਈਸੀਟੀਈ ਜਿਹੀਆਂ ਸੰਸਥਾਵਾਂ ਨੂੰ ਆਪਣੇ ਪੂਰੇ ਸੰਸਾਧਨ ਇਸ ਵਿੱਚ ਝੋਕਣੇ ਹੁੰਦੇ ਸਨ, ਇਸ ਨਾਲ ਇਨ੍ਹਾਂ ਦੇ ਖੁਦ ਦੇ ਕੰਮ ਪ੍ਰਭਾਵਿਤ ਹੁੰਦੇ ਸਨ।



**ਰੈਂਕਿੰਗ ਨੂੰ ਪਹਿਲ:** ਇਹ ਸਾਡੀ ਸਿੱਖਿਆ ਪੱਧਤੀ ਦੀ ਸਭ ਤੋਂ ਵੱਡੀ ਕਮੀ ਰਹੀ ਹੈ। ਦੇਸ਼ ਦੇ ਸਾਰੇ ਖੇਤਰਾਂ ਦੇ ਵਿਦਿਆਰਥੀਆਂ ਨੂੰ ਇੱਕੋ ਜਿਹਾ ਪ੍ਰਸ਼ਨ ਪੱਤਰ ਮਿਲਦਾ ਸੀ।ਮੁੱਲਾਂਕਣ ਤੋਂ ਬਾਅਦ ਰੈਂਕਿੰਗ ਅਤੇ ਫਿਰ ਅਡਮਿਸ਼ਨ ਹੁੰਦੀ ਸੀ। ਲੇਕਿਨ ਵਿਦਿਆਰਥੀ ਇਸ ਪ੍ਰਸ਼ਨ ਪੱਤਰ ਬਾਰੇ ਕੀ ਸੋਚਦੇ ਹਨ, ਉਨ੍ਹਾਂ ਦੇ ਲਈ ਉਹ ਕਿਹੋ-ਜਿਹਾ ਹੈ, ਅਜਿਹਾ ਕੋਈ ਅੰਕੜਾ ਜਾਂ ਫੀਡਬੈਕ ਨਹੀਂ ਹੁੰਦਾ ਸੀ। ਇਸ ਨੂੰ ਐਵੇਂ ਵੀ ਸਮਝ ਸਕਦੇ ਹਾਂ ਮੰਨ ਲਓ ਕਿ ਅਲੱਗ-ਅਲੱਗ ਬੋਰਡ ਅਤੇ ਪ੍ਰਦੇਸ਼ਾਂ ਦੇ ਦੋ ਵਿਦਿਆਰਥੀਆਂ ਨੇ ਆਈਆਈਟੀ ਸੰਯੁਕਤ ਦਾਖਲਾ ਪਰੀਖਿਆ ਦਾ ਪ੍ਰਸ਼ਨ ਪੱਤਰ ਹੱਲ ਕੀਤਾ। ਦੋਨਾਂ ਵਿੱਚੋਂ ਕਿਸ ਵਿਦਿਆਰਥੀ ਨੂੰ ਕਿਹੜਾ ਪ੍ਰਸ਼ਨ ਅਸਾਨ ਲਗਿਆ। ਉਸ ਨੇ ਕਿਸ ਪ੍ਰਸ਼ਨ ਨੂੰ ਹੱਲ ਕਰਨ ਦੇ ਲਈ ਕਿੰਨਾ ਸਮਾਂ ਦਿੱਤਾ। ਅਜਿਹਾ ਕੋਈ ਅਧਿਐਨ ਪਹਿਲਾਂ ਸੰਭਵ ਨਹੀਂ ਸੀ। ਇਨ੍ਹਾਂ ਦਾਖ਼ਲਾ ਪਰੀਖਿਆ ਵਿੱਚ ਉਹ ਇੱਕਰੂਪਤਾ ਨਹੀਂ ਸੀ, ਜੋ ਅੰਤਰਰਾਸ਼ਟਰੀ ਸਟੈਂਡਰਡ ਦੇ ਅਧਾਰ 'ਤੇ ਇਸ ਨੂੰ ਸਭ ਤੋਂ ਅਲੱਗ ਖੜ੍ਹਾ ਕਰ ਪਾਏ।

## ਮਨੁੱਖੀ ਭੁੱਲ ਦੇ ਨਾਲ ਗਲਤੀ ਦੀ ਗੁੰਜਾਇਸ਼

ਬੋਝਲ ਪ੍ਰਕਿਰਿਆ ਦੇ ਚਲਦੇ ਮਨੁੱਖੀ ਭੁੱਲ ਸਮੇਤ ਹਰ ਪੱਧਰ 'ਤੇ ਗਲਤੀ ਦੀ ਕੋਈ ਨਾ ਕੋਈ ਗੁੰਜਾਇਸ਼ ਬਣੀ ਰਹਿੰਦੀ ਸੀ। ਜਿਵੇਂ ਉੱਤਰ ਸ਼ੀਟ ਵਿੱਚ ਗ਼ਲਤ ਰੋਲ ਨੰਬਰ ਭਰ ਜਾਣਾ।ਓਐੱਮਆਰ ਸ਼ੀਟ ਵਿੱਚ ਗਲਤ ਜਗ੍ਹਾ ਜਾਂ ਫਿਰ ਸਹੀ ਤਰੀਕੇ ਨਾਲ ਗੋਲੇ ਨਾ ਭਰ ਪਾਉਣ ਦੇ ਕਾਰਨ ਮੁੱਲਾਂਕਣ ਨਾ ਹੋ ਪਾਉਣਾ। ਨਾਲ ਹੀ ਓਐੱਮਆਰ ਸ਼ੀਟ ਵਿੱਚ ਪਰੀਖਿਆ ਦੇ ਬਾਅਦ ਵੀ ਜਾਣ ਬੁੱਝ ਕੇ ਗੜਬੜੀ ਹੋਣ ਦੀ ਗੁੰਜਾਇਸ਼ ਵੀ ਬਣੀ ਰਹਿੰਦੀ ਸੀ।



ਇਨ੍ਹਾਂ ਸਾਰੇ ਕਾਰਨਾਂ ਕਰਕੇ 1986 ਦੀ ਸਿੱਖਿਆ ਨੀਤੀ ਵਿੱਚ ਐੱਨਟੀਏ ਜਿਹੀ ਇੱਕ ਸੰਸਥਾ ਦੀ ਪਰਿਕਲਪਨਾ ਰੱਖੀ ਗਈ। ਇਸ ਤੋਂ ਬਾਅਦ ਸਾਲ 2010 ਵਿੱਚ ਫਿਰ ਇੱਕ ਵਾਰ ਅਜਿਹੇ ਕਿਸੇ ਕਮਿਸ਼ਨ ਦਾ ਵਿਚਾਰ ਸਾਹਮਣੇ ਆਇਆ ਜੋ ਪੂਰੇ ਭਾਰਤ ਵਿੱਚ ਹਰ ਤਰ੍ਹਾਂ ਦੀਆਂ ਉਚੇਰੀ ਸਿੱਖਿਆ ਸੰਸਥਾਵਾਂ ਵਿੱਚ ਦਾਖਲੇ ਦੇ ਲਈ ਜ਼ਿੰਮੇਦਾਰ ਹੋਵੇ। ਜਿਸ ਦਾ ਕੰਮ ਵਿਸ਼ਵ ਪੱਧਰੀ ਖੋਜ ਦੇ ਨਾਲ ਇੱਕ ਤੰਤਰ ਖੜ੍ਹਾ ਕਰਨਾ ਹੋਵੇ, ਤਾਕਿ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਸਹੀ ਮੁਕਾਮ ਮਿਲ ਸਕੇ। ਇਸ ਮੁਕਾਮ ਦੇ ਲਈ ਰਸਤਾ ਦਿਖਾਉਣ ਦਾ ਕੰਮ ਵੀ ਇਸੇ ਸੰਸਥਾ ਦੇ ਭਰੋਸੇ ਹੋਵੇ। ਲੇਕਿਨ ਇਹ ਵਿਚਾਰ ਠੰਢੇ ਬਸਤੇ ਵਿੱਚ ਹੀ ਪਿਆ ਰਿਹਾ।ਸਾਲ 2014 ਵਿੱਚ ਫਿਰ ਇਸ ਦਿਸ਼ਾ ਵਿੱਚ ਕੰਮ ਕਰਨ ਦੇ ਯਤਨ ਸ਼ੁਰੂ ਹੋਏ ਅਤੇ ਆਖਿਰ 10 ਨਵੰਬਰ 2017 ਨੂੰ ਕੈਬਨਿਟ ਦੀ ਪ੍ਰਵਾਨਗੀ ਤੋਂ ਬਾਅਦ ਇੰਡੀਅਨ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ- 1860 ਦੇ ਤਹਿਤ ਨੈਸ਼ਨਲ ਟੈਸਟਿੰਗ ਏਜੰਸੀ ਯਾਨੀ ਐੱਨਟੀਏ ਬਣਾਉਣ ਦਾ ਐਲਾਨ ਕੀਤਾ ਗਿਆ। ਮਈ 2018 ਵਿੱਚ ਇਸ ਦੀ ਰਜਿਸਟ੍ਰੇਸ਼ਨ ਕੀਤੀ ਗਈ। ਦਸੰਬਰ 2018 ਵਿੱਚ ਪਹਿਲੀ ਵਾਰ ਰਾਸ਼ਟਰੀ ਪਾਤਰਤਾ ਪਰੀਖਿਆ (ਨੈੱਟ) ਦਾ ਆਯੋਜਨ ਐੱਨਟੀਏ ਦੁਆਰਾ ਕੀਤਾ ਗਿਆ। ਹੁਣ ਇੱਕ ਸਾਲ ਵਿੱਚ ਹੀ 14 ਤਰ੍ਹਾਂ ਦੀਆਂ ਦਾਖ਼ਲਾ ਪਰੀਖਿਆਵਾਂ, ਫੈਲੋਸ਼ਿਪ ਪਰੀਖਿਆਵਾਂ, ਯੂਨੀਵਰਸਿਟੀ ਪਾਤਰਤਾ ਪਰੀਖਿਆਵਾਂ ਦਾ ਆਯੋਜਨ ਐੱਨਟੀਏ ਦੁਆਰਾ ਕੀਤਾ ਜਾ ਰਿਹਾ ਹੈ। ਹੁਣ ਤੱਕ ਕਰੀਬ 1.23 ਕਰੋੜ ਪਰੀਖਿਆਰਥੀ ਐੱਨਟੀਏ ਦੁਆਰਾ ਆਯੋਜਿਤ ਪਰੀਖਿਆਵਾਂ ਵਿੱਚ ਭਾਗੀਦਾਰੀ ਕਰ ਚੁੱਕੇ ਹਨ। ਪਹਿਲੀ ਵਾਰ ਭਾਰਤ ਵਿੱਚ ਪੂਰੀ ਤਰ੍ਹਾਂ ਪੈੱਨ ਅਤੇ ਪੇਪਰਲੈੱਸ ਪਰੀਖਿਆ ਦੀ ਸ਼ੁਰੂਆਤ ਕਰਨ ਦਾ ਸਿਹਰਾ ਐੱਨਟੀਏ ਨੂੰ ਹੀ ਜਾਂਦਾ ਹੈ।ਅਸੀਂ ਕਹਿ ਸਕਦੇ ਹਾਂ ਭਾਰਤ ਦੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਦੀ ਸਭ ਤੋਂ ਵੱਡੀ ਸ਼ੁਰੂਆਤ ਇੱਥੋਂ ਹੀ ਹੁੰਦੀ ਹੈ।

## ਐੱਨਟੀਏ ਦਾ ਉਦੇਸ਼: ਦਾਖ਼ਲਾ ਪਰੀਖਿਆਵਾਂ ਵਿੱਚ ਵਿਸ਼ਵ ਪੱਧਰੀ ਸਟੈਂਡਰਡ ਸਥਾਪਿਤ ਕਰਨਾ ....

ਐੱਨਟੀਏ ਦੇ ਐਲਾਨ ਦੇ ਸਮੇਂ ਮਾਨਵ ਸੰਸਾਧਨ ਵਿਕਾਸ ਮੰਤਰੀ ਦੇ ਰੂਪ ਵਿੱਚ ਦੇਸ਼ ਦੀ ਸਿੱਖਿਆ ਵਿਵਸਥਾ ਸੰਭਾਲਣ ਵਾਲੇ ਪ੍ਰਕਾਸ਼ ਜਾਵਡੇਕਰ ਕਹਿੰਦੇ ਹਨ, "ਦਾਖ਼ਲੇ ਦੇ ਲਈ ਉਮੀਦਵਾਰਾਂ ਦੀ ਸਮਰੱਥਾ ਦਾ ਆਕਲਨ ਸਹੀ ਤਰੀਕੇ ਨਾਲ ਹੋਵੇ। ਖੋਜ 'ਤੇ ਅਧਾਰਿਤ ਹੋਵੇ। ਅੰਤਰਰਾਸ਼ਟਰੀ ਸਟੈਂਡਰਡਾਂ ਦੇ ਨਾਲ ਪੂਰੀ ਪ੍ਰਕਿਰਿਆ ਪਾਰਦਰਸ਼ੀ ਅਤੇ ਤਰੁਟੀਮੁਕਤ ਹੋਵੇ। ਲੰਬੇ ਸਮੇਂ ਤੱਕ ਸਾਡੇ ਸਾਹਮਣੇ ਇਹ ਚੁਣੌਤੀ ਰਹੀ ਹੈ।ਇਸੇ ਵਿਚਾਰ ਦੇ ਨਾਲ ਨੈਸ਼ਨਲ ਟੈਸਟਿੰਗ ਏਜੰਸੀ ਦੀ ਸ਼ੁਰੂਆਤ ਕੀਤੀ ਗਈ ਹੈ।" ਦਾਖ਼ਲਾ ਪਰੀਖਿਆਵਾਂ ਦੀ ਤਿਆਰੀ ਤੋਂ ਲੈ ਕੇ ਪਰੀਖਿਆ ਕਰਵਾਉਣ ਅਤੇ ਮਾਰਕਿੰਗ ਯਾਨੀ ਮੁੱਲਾਂਕਣ ਦੀ ਪੂਰੀ ਜ਼ਿੰਮੇਵਾਰੀ ਐੱਨਟੀਏ ਨੂੰ ਦਿੱਤੀ ਗਈ ਹੈ। ਇਸ ਨੂੰ ਐੱਨਟੀਏ ਦੀ ਸਫਲਤਾ ਹੀ ਕਿਹਾ ਜਾਵੇਗਾ ਕਿ ਅੱਜ ਦੀ ਤਾਰੀਖ ਵਿੱਚ12 ਤਰ੍ਹਾਂ ਦੀਆਂ ਦਾਖ਼ਲਾ ਪਰੀਖਿਆਵਾਂ ਦੇ ਨਾਲ ਦੋ ਯੂਨੀਵਰਸਿਟੀਆਂ ਦੀਆਂ ਦਾਖ਼ਲਾ ਪਰੀਖਿਆਵਾਂ ਵੀ ਐੱਨਟੀਏ ਦੁਆਰਾ ਕਰਵਾਈਆਂ ਜਾਂਦੀਆਂ ਹਨ ਅਤੇ ਉਹ ਵੀ ਬਿਲਕੁਲ ਤਰੁਟੀ ਰਹਿਤ।

ਨੈਸ਼ਨਲ ਟੈਸਟਿੰਗ ਏਜੰਸੀ (ਐੱਨਟੀਏ) ਸਮਾਜ ਦੇ ਸਾਹਮਣੇ ਆ ਰਹੀਆਂ ਸਿੱਖਿਆ ਚੁਣੌਤੀਆਂ ਜਿਵੇਂ ਸਾਖਰਤਾ ਪੱਧਰ ਅਤੇ ਉੱਚ ਸਿੱਖਿਆ ਵਿੱਚ ਦਾਖ਼ਲੇ ਦੇ ਲਈ ਗੁਣਵੱਤਾ ਵਧਾਉਣ ਜਿਹੇ ਵਿਸ਼ਿਆਂ 'ਤੇ ਧਿਆਨ ਕੇਂਦ੍ਰਿਤ ਕਰ ਰਹੀ ਹੈ। ਅੰਤਰਰਾਸ਼ਟਰੀ ਪਰੀਖਿਆ ਏਜੰਸੀਆਂ ਦੀ ਤਰਜ਼ 'ਤੇ

> **ਐੱਨਟੀਏ ਜਿਹੀ ਸੰਸਥਾ ਦੀ ਸਥਾਪਨਾ ਦੀ ਗੱਲ 1986 ਦੀ ਸਿੱਖਿਆ ਨੀਤੀ ਵਿੱਚ ਕੀਤੀ ਗਈ ਸੀ। ਇਸ ਸਰਕਾਰ ਨੇ ਐੱਨਟੀਏ ਨੂੰ 2018 ਵਿੱਚ ਬਣਾ ਕੇ ਇੱਕ ਅਜਿਹੇ ਕੰਮ ਕੀਤਾ ਹੈ ਜੋ ਕਿ ਪਿਛਲੇ 32 ਸਾਲਾਂ ਤੱਕ ਨਹੀਂ ਹੋ ਸਕਿਆ ਸੀ। ਐੱਨਟੀਏ ਨੇ ਪਿਛਲੇ ਸਿਰਫ 2 ਸਾਲਾਂ ਵਿੱਚ ਹੀ ਕਰੀਬ 45 ਪਰੀਖਿਆਵਾਂ ਕਰਵਾਈਆਂ ਜਿਨ੍ਹਾਂ ਵਿੱਚ 1.23 ਕਰੋੜ ਪਰੀਖਿਆਰਥੀ ਰਜਿਸਟਰਡ ਹੋਏ ਸਨ। ਇਨ੍ਹਾਂ ਪਰੀਖਿਆਵਾਂ ਵਿੱਚ ਕਰੀਬ 33 ਭਾਸ਼ਾਵਾਂ,13 ਪਰੀਖਿਆ ਮਾਧਿਅਮ,ਅਤੇ 450 ਵਿਸ਼ੇ ਸ਼ਾਮਲ ਹਨ। ਐੱਨਟੀਏ, ਅੰਤਰਰਾਸ਼ਟਰੀ ਪੱਧਰ ਦੀਆਂ ਪਰੀਖਿਆਵਾਂ ਵਿੱਚ ਵਰਤੇ ਜਾਣ ਵਾਲੇ ਸਾਇਕੋਮੀਟ੍ਰਿਕ ਸਿਧਾਂਤਾਂ ਦੇ ਅਧਾਰ 'ਤੇ ਪ੍ਰਸ਼ਨ ਪੱਤਰ ਤਿਆਰ ਕਰਦੀ ਹੈ।**
>
> **ਡਾ. ਰਮੇਸ਼ ਪੋਖਰਿਯਾਲ ਨਿਸ਼ੰਕ, ਸਿੱਖਿਆ ਮੰਤਰੀ**

ਪਹਿਲੀ ਵਾਰ ਹਰ ਪਰੀਖਿਆ ਤੋਂ ਬਾਅਦ ਪਰੀਖਿਆ ਪੈਟਰਨ 'ਤੇ ਅਧਾਰਿਤ ਡੇਟਾ ਦਾ ਸਾਇਕੋਮੀਟ੍ਰਿਕ ਅਨੈਲਸਿਸ ਕੀਤਾ ਜਾਂਦਾ ਹੈ। ਯਾਨੀ ਕੋਈ ਪਰੀਖਿਆ ਦੇਣ ਵਾਲਾ ਵਿਦਿਆਰਥੀ ਪੁੱਛੇ ਗਏ ਪ੍ਰਸ਼ਨਾਂ ਨੂੰ ਕਿਸ ਤਰ੍ਹਾਂ ਹੱਲ ਕਰਦਾ ਹੈ?ਕਿਸ ਪ੍ਰਸ਼ਨ ਉੱਤੇ ਉਸ ਨੂੰ ਕਿੰਨਾ ਸਮਾਂ ਲਗਦਾ ਹੈ? ਭਾਸ਼ਾ ਮਾਧਿਅਮ ਅਲੱਗ ਹੋਣ ਦੀ ਵਜ੍ਹਾ ਨਾਲ ਅਨੁਵਾਦ ਸਹੀ ਹੋਇਆ ਹੈ ਜਾਂ ਨਹੀਂ?ਜਿਵੇਂ ਕਿਸੇ ਪ੍ਰਸ਼ਨ ਨੂੰ ਅੰਗਰੇਜ਼ੀ ਦੀ ਬਜਾਏ ਹਿੰਦੀ ਵਿੱਚ ਸਮਝਣ ਵਿੱਚ ਜ਼ਿਆਦਾ ਸਮਾਂ ਤਾਂ ਨਹੀਂ ਲਗ ਰਿਹਾ? ਜੇਕਰ ਅਲੱਗ-ਅਲੱਗ ਖੇਤਰ ਜਾਂ ਬੋਰਡ ਦੇ ਹਿਸਾਬ ਨਾਲ ਇਨ੍ਹਾਂ ਦਾ ਤੁਲਨਾਤਮਕ ਅਧਿਐਨ ਐੱਨਟੀਏ ਦੇ ਮਾਹਿਰ ਕਰਦੇ ਹਨ।ਇਸ ਦਾ ਪੂਰਾ ਡੇਟਾ ਤਿਆਰ ਕੀਤਾ ਜਾਂਦਾ ਹੈ। ਇਸ ਨੂੰ ਸਬੰਧਿਤ ਬੋਰਡ ਜਾਂ ਸਿੱਖਿਆ ਵਿਭਾਗ ਦੇ ਨਾਲ ਸਾਂਝਾ ਕੀਤਾ ਜਾਂਦਾ ਹੈ। ਇਸ ਦੇ ਅਧਾਰ 'ਤੇ ਸਿੱਖਿਆ ਪੱਧਤੀ ਵਿੱਚ ਸੁਧਾਰ ਜਾਂ ਪੜ੍ਹਾਉਣ ਦੇ ਤਰੀਕੇ ਵਿੱਚ ਬਦਲਾਅ ਕੀਤਾ ਜਾਵੇ ਜਿਹੇ ਦੂਸਰੇ ਉਪਾਅ ਕੀਤੇ ਜਾ ਸਕਦੇ ਹਨ। ਸਾਇਕੋਮੀਟ੍ਰਿਕ ਡੇਟੇ ਦਾ ਇਸਤੇਮਾਲ ਕਰਕੇ ਅਧਿਆਪਕਾਂ ਦੇ ਪੜ੍ਹਾਉਣ ਦੇ

ਤਰੀਕੇ ਤੋਂ ਲੈ ਕੇ ਪਾਠਕ੍ਰਮ ਨੂੰ ਬਿਹਤਰ ਬਣਾਉਣ ਵਿੱਚ ਕੀਤਾ ਜਾਂਦਾ ਹੈ। ਨਾਲ ਹੀ ਐੱਨਟੀਏ ਦੇ ਮਾਹਿਰਾਂ ਨੂੰ ਭਵਿੱਖ ਵਿੱਚ ਪ੍ਰਸ਼ਨ ਪੱਤਰ ਨੂੰ ਹੋਰ ਬਿਹਤਰ ਬਣਾਉਣ ਵਿੱਚ ਵੀ ਮਦਦ ਮਿਲਦੀ ਹੈ। ਯਾਨੀ ਸਾਇਕੋਮੀਟ੍ਰਿਕ ਅਨੈਲਸਿਸ ਜਿਹੀ ਵਿਵਸਥਾ ਦੇ ਚਲਦੇ ਸਾਨੂੰ ਸਾਡੀ ਸਿੱਖਿਆ ਵਿਵਸਥਾ ਦਾ ਗਹਿਰਾਈ ਨਾਲ ਅਧਿਐਨ ਕਰਨ ਦਾ ਮੌਕਾ ਮਿਲਦਾ ਹੈ, ਉਹ ਵੀ ਵਿਦਿਆਰਥੀਆਂ ਦੇ ਡੇਟਾ ਦੇ ਹੀ ਮਾਧਿਅਮ ਤੋਂ। **ਐੱਨਟੀਏ ਦੇ ਏਜੰਡੇ ਵਿੱਚ ਸ਼ਾਮਲ ਇਨ੍ਹਾਂ 3 ਬਿੰਦੂਆਂ ਨੂੰ ਸਾਨੂੰ ਸਮਝਣਾ ਚਾਹੀਦਾ ਹੈ ..**

## ਮੁੱਲਾਂਕਣ ਵਿੱਚ ਸੁਧਾਰ

ਮੁੱਲਾਂਕਣ ਦੀਆਂ ਪੁਰਾਣੀਆਂ ਪੱਧਤੀਆਂ ਦੀ ਬਜਾਏ ਤਰੁਟੀ ਰਹਿਤ ਔਨਲਾਈਨ ਮੁੱਲਾਂਕਣ ਹੋਵੇ, ਨਾਲ ਹੀ ਇਨੋਵੇਟਿਵ ਆਈਡੀਆ ਦੇ ਮਾਧਿਅਮ ਨਾਲ ਭਵਿੱਖ ਦੇ ਲਿਹਾਜ਼ ਨਾਲ ਇਸ ਨੂੰ ਹੋਰ ਬਿਹਤਰ ਕਰਨ ’ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਦੇ ਲਈ ਆਪਣੀ ਸਥਾਪਨਾ ਦੇ ਬਾਅਦ ਤੋਂ ਹੀ ਐੱਨਟੀਏ ਦਾਖਲਾ ਪਰੀਖਿਆਵਾਂ ਦੇ ਮੁੱਲਾਂਕਣ ’ਤੇ ਲਗਾਤਾਰ ਖੋਜ ਕਰਦੀ ਰਹੀ ਹੈ।

## ਰਿਸਰਚ ਪਾਲਿਸੀ ਬਣਾਉਣਾ

ਆਮ ਜਨਤਾ ਨਾਲ ਜੁੜੇ ਮੁੱਦਿਆਂ ’ਤੇ ਰਿਸਰਚ ਦੇ ਨਾਲ ਮੁੱਲਾਂਕਣ ਦਾ ਕੰਮ ਵੀ ਐੱਨਟੀਏ ਕਰਦੀ ਹੈ। ਇਹੀ ਨਹੀਂ, ਦੁਨੀਆ ਭਰ ਵਿੱਚ ਨੀਤੀਗਤ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਵੱਡੇ ਪੈਮਾਨੇ ’ਤੇ ਅੰਤਰਰਾਸ਼ਟਰੀ ਤੁਲਨਾਤਮਕ ਸਰਵੇਖਣ ਦੇ ਡੇਟਾ ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ, ਇਹ ਵੀ ਐੱਨਟੀਏ ਦੇ ਏਜੰਡੇ ਵਿੱਚ ਸ਼ਾਮਲ ਹੈ।

## ਸਭ ਦੇ ਲਈ ਸਮਾਵੇਸ਼ੀ

ਦਾਖ਼ਲਾ ਪਰੀਖਿਆਵਾਂ ਨੂੰ ਦਿੱਵਯਾਂਗਾਂ ਦੇ ਨਾਲ ਸਾਰੀਆਂ ਪਰੀਖਿਆਵਾਂ ਦੇ ਅਨੁਕੂਲ ਅਤੇ ਨਿਰਪੱਖਤਾ ਨੂੰ ਸੁਨਿਸ਼ਚਿਤ ਕਰਨ ਦੇ ਲਈ ਐੱਨਟੀਏ ਪੂਰੀ ਤਰ੍ਹਾਂ ਪ੍ਰਤੀਬੱਧ ਹੈ। ਹਰ ਪਰੀਖਿਆ ਵਿੱਚ ਵਿਦਿਆਰਥੀਆਂ ਦੇ ਹਿਤ ਵਿੱਚ ਅਜਿਹੇ ਕਦਮ ਉਠਾਏ ਜਾਂਦੇ ਹਨ।

## ਵਿਦਿਆਰਥੀਆਂ ਦੇ ਲਈ ਅਸਾਨ ਹੋਈ ਪਰੀਖਿਆ

ਅਸੀਂ ਐੱਨਟੀਏ ਨੂੰ ਭਲੇ ਹੀ ਦੇਸ਼ ਦੀ ਸਿੱਖਿਆ ਵਿਵਸਥਾ ਵਿੱਚ ਕ੍ਰਾਂਤੀਕਾਰੀ ਕਦਮ ਦੱਸ ਰਹੇ ਹਾਂ, ਲੇਕਿਨ ਸਭ ਤੋਂ ਵੱਡਾ ਸਵਾਲ ਹੈ ਕਿ ਆਖ਼ਰ ਪਰੀਖਿਆ ਦੇਣ ਵਾਲੇ ਵਿਦਿਆਰਥੀਆਂ ਦੇ ਲਈ ਕੀ ਬਦਲਿਆ ਅਤੇ ਉਨ੍ਹਾਂ ਨੂੰ ਨਵੀਂ ਵਿਵਸਥਾ ਦਾ ਕੀ ਲਾਭ ਹੋਇਆ? ਕਿਵੇਂ ਹਰ ਸਾਲ ਵਿਭਿੰਨ ਪ੍ਰਤੀਯੋਗੀ ਪਰੀਖਿਆਵਾਂ ਵਿੱਚ ਬੈਠਣ ਵਾਲੇ 60 ਲੱਖ ਤੋਂ ਜ਼ਿਆਦਾ ਵਿਦਿਆਰਥੀਆਂ ਦੇ ਲਈ ਐੱਨਟੀਏ ਨੇ ਨਵੀਂ ਵਿਵਸਥਾ ਲਾਗੂ ਕੀਤੀ। ਆਓ ਇਸ ਨੂੰ ਸਮਝਦੇ ਹਾਂ।

## ਸਾਲ ਵਿੱਚ ਦੋ ਵਾਰ ਪਰੀਖਿਆਵਾਂ ਹੋਣ ਦੇ ਵਿਕਲਪ ਚੁਣਨ ਦਾ ਮੌਕਾ

ਆਈਆਈਟੀ ਸਮੇਤ ਦੇਸ਼ ਭਰ ਦੇ ਮੈਡੀਕਲ ਕਾਲਜਾਂ ਵਿੱਚ ਦਾਖਲੇ ਦੇ ਲਈ ਹੋਣ ਵਾਲੇ ਨੈਸ਼ਨਲ ਐਲਿਜੀਬਿਲਿਟੀ ਕਮ ਐਂਟਰੈਂਸ ਟੈਸਟ (ਨੀਟ) ਜਿਹੀਆਂ ਪਰੀਖਿਆਵਾਂ ਪਹਿਲਾਂ ਸਾਲ ਵਿੱਚ ਸਿਰਫ਼ ਇੱਕ ਵਾਰ ਹੁੰਦੀਆਂ ਸਨ। ਯਾਨੀ ਲੰਬੇ ਸਮੇਂ ਤੋਂ ਇਨ੍ਹਾਂ ਵਿੱਚ ਅਡਮਿਸ਼ਨ ਦੇ ਲਈ ਮਿਹਨਤ ਕਰ ਰਹੇ ਵਿਦਿਆਰਥੀਆਂ ਨੂੰ ਪੂਰੇ ਸਾਲ ਵਿੱਚ ਸਿਰਫ਼ ਇੱਕ ਮੌਕਾ ਮਿਲਦਾ ਸੀ। ਚੁਣੇ ਨਾ ਜਾਣ ਦੀ ਹਾਲਤ ਵਿੱਚ ਵਿਦਿਆਰਥੀ ਤਣਾਅ ਵਿੱਚ ਆ ਜਾਂਦੇ ਅਤੇ ਫਿਰ ਦੁਬਾਰਾ ਪੂਰੇ ਸਾਲ ਉਨ੍ਹਾਂ ਨੂੰ ਤਿਆਰੀ ਕਰਨੀ ਹੁੰਦੀ ਸੀ। ਲੇਕਿਨ,ਐੱਨਟੀਏ ਹੁਣ ਔਨਲਾਈਨ ਮੋਡ ਦੇ ਜ਼ਰੀਏ ਇਨ੍ਹਾਂ ਪਰੀਖਿਆਵਾਂ ਨੂੰ ਸਾਲ ਵਿੱਚ ਦੋ ਵਾਰ ਆਯੋਜਿਤ ਕਰਦਾ ਹੈ। ਦੋਵੇਂ ਪਰੀਖਿਆਵਾਂ ਵਿੱਚੋਂ ਜਿਸ ਵਿੱਚ ਵੀ ਵਿਦਿਆਰਥੀਆਂ ਦੇ ਨੰਬਰ ਜ਼ਿਆਦਾ ਹੁੰਦੇ ਹਨ, ਉਸ ਦਾ ਨਤੀਜਾ ਅੰਤਿਮ ਮੰਨਿਆ ਜਾਂਦਾ ਹੈ।ਇਸ ਨਾਲ ਵਿਦਿਆਰਥੀਆਂ



ਦਾ ਸਮਾਂ ਅਤੇ ਪੈਸਾ ਬਚਿਆ ਨਾਲ ਹੀ, ਇੱਕ ਯਤਨ ਵਿੱਚ ਅਸਫਲ ਰਹਿਣ ’ਤੇ ਪੂਰੇ ਸਾਲ ਤਿਆਰੀ ਦਾ ਦਬਾਅ ਘੱਟ ਹੋਇਆ ਹੈ।

## ਲੀਕੇਜ ਪਰੂਫ ਸਿਸਟਮ ਨਾਲ ਪ੍ਰਤਿਭਾ ਨੂੰ ਸਹੀ ਮੁਕਾਮ

ਪਹਿਲਾਂ ਸਾਰੀਆਂ ਪਰੀਖਿਆਵਾਂ ਔਫਲਾਈਨ ਹੁੰਦੀਆਂ ਸਨ। ਯਾਨੀ ਵਿਦਿਆਰਥੀਆਂ ਨੂੰ ਪ੍ਰਸ਼ਨ ਪੱਤਰ ਅਤੇ ਉਸ ਦੇ ਨਾਲ ਇੱਕ ਓਐੱਮਆਰ ਸ਼ੀਟ ਦਿੱਤੀ ਜਾਂਦੀ ਸੀ। ਓਐੱਮਆਰ ਸ਼ੀਟ ਵਿੱਚ ਗੋਲੇ ਬਾਲ ਪੈੱਨ ਨਾਲ ਭਰ ਕੇ ਪਰੀਖਿਆ ਲੈਣ ਵਾਲੇ ਦੇ ਪਾਸ ਜਮ੍ਹਾਂ ਕਰਨੀ ਹੁੰਦੀ ਸੀ। ਇਹ ਸਿਸਟਮ ਵਿੱਚ 3 ਕਮੀਆਂ ਸਨ। ਇੱਕ ਤਾਂ ਗੋਲੇ ਭਰਦੇ ਸਮੇਂ ਮਨੁੱਖੀ ਤਰੁਟੀ ਦੀ ਸੰਭਾਵਨਾ ਰਹਿੰਦੀ ਸੀ, ਜਿਸ ਨੂੰ ਬਾਅਦ ਵਿੱਚ ਸੁਧਾਰਿਆ ਨਹੀਂ ਜਾ ਸਕਦਾ ਸੀ। ਦੂਸਰੇ ਪਾਸੇ, ਪਰੀਖਿਆ ਖ਼ਤਮ ਹੋਣ ਤੋਂ ਬਾਅਦ ਓਐੱਮਆਰ ਸ਼ੀਟ ਵਿੱਚ ਗੜਬੜੀ ਦੀ ਗੁੰਜਾਇਸ਼ ਬਣੀ ਰਹਿੰਦੀ ਸੀ। ਤੀਸਰਾ, ਪੇਪਰ ਲੀਕ ਹੋਣ ਦੀਆਂ ਵੀ ਕਈ ਸ਼ਿਕਾਇਤਾਂ ਪਹਿਲਾਂ ਮਿਲਦੀਆਂ ਰਹੀਆਂ ਹਨ। ਲੇਕਿਨ ਹੁਣ ਪਰੀਖਿਆ ਔਨਲਾਈਨ ਹੋਣ ਨਾਲ ਇਹ ਪੂਰਾ ਸਿਸਟਮ ਲੀਕੇਜ ਪਰੂਫ ਹੋ ਗਿਆ ਹੈ। ਐੱਨਟੀਏ ਦੇ ਮਾਹਿਰਾਂ ਦੁਆਰਾ ਤਿਆਰ ਪ੍ਰਸ਼ਨ ਪੱਤਰ ਤੈਅ ਸਮੇਂ ’ਤੇ ਇਨਕ੍ਰਿਪਟੇਡ ਫਾਰਮੈਟ

ਗੱਲਬਾਤ

# ਸਹੀ ਪ੍ਰਤਿਭਾ ਪਹਿਚਾਣਨਾ ਅਤੇ ਉਸ ਨੂੰ ਉਚਿਤ ਮੁਕਾਮ ਦਿਵਾਉਣਾ, ਇਹੀ ਸਾਡਾ ਕੰਮ: ਵਿਨੀਤ ਜੋਸ਼ੀ

**ਭਾਰਤ ਵਿੱਚ ਦਾਖ਼ਲਾ ਪਰੀਖਿਆ ਨੂੰ ਲੈ ਕੇ ਕਦੇ ਵੀ ਐਨਾ ਸੋਚਿਆ ਹੀ ਨਹੀਂ ਗਿਆ। ਇਹੀ ਕਾਰਨ ਹੈ ਕਿ ਪਹਿਲਾਂ ਵਿਦਿਆਰਥੀ ਜੋ ਪਰੀਖਿਆ ਦਿੰਦੇ ਸਨ ਉਹ ਇੱਕ ਨਿਰਧਾਰਿਤ ਪੈਟਰਨ 'ਤੇ ਹੁੰਦੀ ਸੀ। ਇਸ ਤਰ੍ਹਾਂ ਦੀ ਪਰੀਖਿਆ ਨਾਲ ਨਾ ਹੀ ਪ੍ਰਤਿਭਾ ਨੂੰ ਸਹੀ ਮੌਕਾ ਮਿਲ ਪਾਉਂਦਾ ਸੀ ਅਤੇ ਨਾ ਹੀ ਲੋੜੀਂਦਾ ਮੌਕਾ ਉਪਲਬਧ ਹੁੰਦਾ ਸੀ। ਅਸੀਂ ਇਸ ਮਾਮਲੇ ਵਿੱਚ ਦੂਸਰੇ ਦੇਸ਼ਾਂ ਤੋਂ ਕਿਤੇ ਪਿੱਛੇ ਸੀ। ਨੈਸ਼ਨਲ ਟੈਸਟਿੰਗ ਏਜੰਸੀ ਨੇ ਪਰੀਖਿਆ ਦੇ ਪੱਧਰ ਦੇ ਨਾਲ ਇਸ ਪੂਰੇ ਢਾਂਚੇ ਨੂੰ ਹੁਣ ਬਦਲ ਦਿੱਤਾ ਹੈ। 'ਨਿਊ ਇੰਡੀਆ ਸਮਾਚਾਰ' ਦੇ ਸਲਾਹਕਾਰ ਸੰਪਾਦਕ ਸੰਤੋਸ਼ ਕੁਮਾਰ ਨੇ ਐੱਨਟੀਏ ਦੇ ਡਾਇਰੈਕਟਰ ਜਨਰਲ ਵਿਨੀਤ ਜੋਸ਼ੀ ਨਾਲ ਐੱਨਟੀਏ ਦੀ ਕਾਰਜਸ਼ੈਲੀ ਤੋਂ ਲੈ ਕੇ ਇਸ ਦੀ ਲੋੜ ਅਤੇ ਭਵਿੱਖ ਦੀਆਂ ਯੋਜਨਾਵਾਂ 'ਤੇ ਵਿਸਤਾਰਪੂਰਵਕ ਗੱਲਬਾਤ ਕੀਤੀ। ਪੜ੍ਹੋ ਇਸ ਦੇ ਅੰਸ਼ ...**

### ਐੱਨਟੀਏ ਬਣਾਉਣ ਦੇ ਪਿੱਛੇ ਸਰਕਾਰ ਦਾ ਮਕਸਦ ਕੀ ਹੈ?

ਇਸ ਦੇ ਪਿੱਛੇ ਦਾ ਮਕਸਦ ਇੱਕ ਅਜਿਹੀ ਸੰਸਥਾ ਬਣਾਉਣਾ ਹੈ, ਜੋ ਭਾਰਤ ਵਿੱਚ ਹੋਣ ਵਾਲੀਆਂ ਦਾਖ਼ਲਾ ਪਰੀਖਿਆਵਾਂ ਵਿੱਚ ਅੰਤਰਰਾਸ਼ਟਰੀ ਸਟੈਂਡਰਡ ਦੇ ਅਨੁਰੂਪ ਮਾਪਦੰਡ ਸਥਾਪਿਤ ਕਰ ਸਕੇ।ਅਸੀਂ ਹਰ ਵਾਰ ਪਰੀਖਿਆ ਤੋਂ ਬਾਅਦ ਮਿਲੇ ਡੇਟਾ ਦਾ ਵਿਸ਼ਲੇਸ਼ਣ ਕਰਦੇ ਹਾਂ। ਇਹ ਦੇਖਦੇ ਹਾਂ ਕਿ ਵਿਦਿਆਰਥੀਆਂ ਨੂੰ ਕਿਸ ਪ੍ਰਸ਼ਨ ਵਿੱਚ ਕਿਹੜੀ ਸਮੱਸਿਆ ਆ ਰਹੀ ਹੈ?ਕਿਸ ਬੋਰਡ ਜਾਂ ਖੇਤਰ ਦੇ ਵਿਦਿਆਰਥੀਆਂ ਨੂੰ ਕੋਈ ਪ੍ਰਸ਼ਨ ਸੌਖਾ ਜਾਂ ਔਖਾ ਲਗਿਆ? ਕਿਸੇ ਪ੍ਰਸ਼ਨ ਦੇ ਅਨੁਵਾਦ ਦੇ ਕਾਰਨ ਵਿਦਿਆਰਥੀਆਂ ਨੂੰ ਇਸ ਨੂੰ ਸਮਝਣ ਵਿੱਚ ਸਮੱਸਿਆ ਤਾਂ ਨਹੀਂ ਆਈ। ਅਜਿਹਾ ਤਾਂ ਨਹੀਂ ਹੋਇਆ ਕਿ ਕੋਈ ਪ੍ਰਸ਼ਨ ਅੰਗਰੇਜ਼ੀ ਵਿੱਚ ਅਸਾਨੀ ਨਾਲ ਸਮਝ ਵਿੱਚ ਆਇਆ, ਲੇਕਿਨ ਹਿੰਦੀ ਪ੍ਰਸ਼ਨ ਪੱਤਰ ਵਿੱਚ ਉਸ ਦਾ ਅਨੁਵਾਦ ਠੀਕ ਨਹੀਂ ਸੀ। ਦੂਸਰੇ ਦੇਸ਼ਾਂ ਵਿੱਚ ਇਸ ਤਰ੍ਹਾਂ ਨਾਲ ਕੰਮ ਹੁੰਦਾ ਹੈ।ਹੁਣ ਐੱਨਟੀਏ ਦੇ ਜ਼ਰੀਏ ਅਸੀਂ ਔਨਲਾਈਨ ਪਰੀਖਿਆਵਾਂ ਤੋਂ ਬਾਅਦ ਇਸ ਤਰ੍ਹਾਂ ਮਿਲੇ ਡਾਟਾ ਦਾ ਅਨੈਲਸਿਸ ਕਰਦੇ ਹਾਂ। ਭਵਿੱਖ ਵਿੱਚ ਦੁਬਾਰਾ ਉਸ ਪਰੀਖਿਆ ਦਾ ਪ੍ਰਸ਼ਨ ਪੱਤਰ ਤਿਆਰ ਕਰਦੇ ਹਾਂ ਤਾਂ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ। ਇਹ ਡਾਟਾ ਐਜੂਕੇਸ਼ਨ ਬੋਰਡ ਦੇ ਨਾਲ ਸਾਂਝਾ ਕੀਤਾ ਜਾਂਦਾ ਹੈ। ਇਸ ਦੇ ਮਾਧਿਅਮ ਨਾਲ ਪੜ੍ਹਾਈ ਦੇ ਪੈਟਰਨ ਨੂੰ ਹੋਰ ਬਿਹਤਰ ਬਣਾਉਣ 'ਤੇ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।

### ਸ਼ੁਰੂਆਤ ਵਿੱਚ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ?

ਦਸੰਬਰ 2018 ਵਿੱਚ ਜਦੋਂ ਅਸੀਂ ਪਹਿਲੀ ਵਾਰ ਨੈੱਟ ਦੀ ਔਨਲਾਈਨ ਪਰੀਖਿਆ ਕਰਵਾਉਣ ਜਾ ਰਹੇ ਸੀ, ਤਾਂ ਇਸ 'ਤੇ ਕਈ ਤਰ੍ਹਾਂ ਦੇ ਸਵਾਲ ਉਠਾਏ ਗਏ ਸਨ। ਕੁਝ ਗੱਲਾਂ ਸਹੀ ਵੀ ਸਨ, ਕਿਉਂਕਿ ਵਰਤਮਾਨ ਵਿੱਚ ਤਾਂ ਅਸੀਂ ਸਕੂਲ ਪੱਧਰ ਤੋਂ ਹੀ ਕੰਪਿਊਟਰ ਬੱਚਿਆਂ ਨੂੰ ਸਿਖਾ ਰਹੇ ਹਾਂ, ਲੇਕਿਨ ਪਹਿਲਾਂ ਤਾਂ ਅਜਿਹਾ ਨਹੀਂ ਸੀ। ਅਜਿਹੇ ਵਿੱਚ ਜੋ ਲੋਕ ਗ੍ਰੈਜੂਏਸ਼ਨ ਕਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਕੰਪਿਊਟਰ ਬਾਰੇ ਬੇਸਿਕ ਜਾਣਕਾਰੀ ਨਹੀਂ ਹੈ, ਉਹ ਕਿਵੇਂ ਪਰੀਖਿਆ ਦੇਣਗੇ? ਲੇਕਿਨ ਅਸੀਂ ਇਸ ਦੇ ਲਈ ਹਰ ਸ਼ਹਿਰ ਵਿੱਚ ਕੁਝ ਨਿਰਧਾਰਿਤ ਕੇਂਦਰ ਬਣਾਏ, ਜਿੱਥੇ ਜਾ ਕੇ ਉਹ ਪਰੀਖਿਆ ਤੋਂ ਪਹਿਲਾਂ ਇਸ ਦੀ ਪ੍ਰੈਕਟਿਸ ਕਰ ਸਕਦੇ ਸਨ। ਐਪ ਵੀ ਬਣਾਈ ਜਿਸ ਦੇ ਜ਼ਰੀਏ ਪ੍ਰੈਕਟਿਸ ਦੇ ਲਈ ਰਜਿਸਟ੍ਰੇਸ਼ਨ ਕਰਵਾਉਣਾ ਹੁੰਦਾ ਸੀ।ਅਸੀਂ ਸਹੀ ਦਿਸ਼ਾ ਵਿੱਚ ਅੱਗੇ ਵਧੇ ਇਸ ਲਈ ਸਫਲ ਹੋ ਪਾਏ।ਅੱਜ ਐੱਨਟੀਏ ਦੀ ਵੈੱਬਸਾਈਟ 'ਤੇ ਹਰ ਪਰੀਖਿਆ ਦੇ ਪੁਰਾਣੇ ਪ੍ਰਸ਼ਨ ਪੱਤਰ ਹੱਲ ਕਰਨ ਤੋਂ ਲੈ ਕੇ ਮੌਕ ਟੈਸਟ ਦੇ ਜ਼ਰੀਏ ਪ੍ਰੈਕਟਿਸ ਦੀ ਸੁਵਿਧਾ ਅਸੀਂ ਦਿੱਤੀ ਹੋਈ ਹੈ, ਤਾਕਿ ਕੋਈ ਵੀ ਔਨਲਾਈਨ ਪਰੀਖਿਆ ਦੇ ਦੌਰਾਨ ਅਸਹਿਜ ਨਾ ਹੋਵੇ।

### ਨਵੀਂ ਰਾਸ਼ਟਰੀ ਸਿੱਖਿਆ ਨੀਤੀ ਵਿੱਚ ਐੱਨਟੀਏ ਦੀ ਕੀ ਭੂਮਿਕਾ ਹੈ?

**ਜਿੱਥੋਂ ਤੱਕ ਦਾਖਲਾ ਪਰੀਖਿਆ ਵਿੱਚ ਸੁਧਾਰ ਵਿੱਚ ਐੱਨਟੀਏ ਦੀ ਭੂਮਿਕਾ ਦਾ ਸਵਾਲ ਹੈ, ਨਵੀਂ ਰਾਸ਼ਟਰੀ ਸਿੱਖਿਆ ਨੀਤੀ ਵਿੱਚ ਪੂਰੇ ਦੇਸ਼ ਦੀਆਂ ਉਚੇਰੀ ਸਿੱਖਿਆ ਸੰਸਥਾਵਾਂ ਵਿੱਚ ਦਾਖਲੇ ਦੇ ਲਈ ਇੱਕ ਪਰੀਖਿਆ ਦਾ ਜ਼ਿਕਰ ਹੈ। ਇਹ ਪਰੀਖਿਆ ਦੋ ਭਾਗਾਂ ਵਿੱਚ ਹੋਵੇਗੀ। ਪਹਿਲਾ - ਐਪਟੀਟਿਊਡ ਟੈਸਟ ਯਾਨੀ ਰੁਚੀ ਅਧਾਰਿਤ ਅਤੇ ਦੂਸਰਾ ਵਿਸ਼ਾ ਅਧਾਰਿਤ ਪਰੀਖਿਆ। ਨਵੇਂ ਸਿੱਖਿਆ ਸੈਸ਼ਨ (2021-22) ਵਿੱਚ ਉਚੇਰੀ ਸਿੱਖਿਆ ਸੰਸਥਾਵਾਂ, ਖਾਸ ਤੌਰ 'ਤੇ ਕੇਂਦਰੀ ਯੂਨੀਵਰਸਿਟੀਆਂ ਵਿੱਚ ਦਾਖ਼ਲਾ ਇੱਕ ਦਾਖਲਾ ਪਰੀਖਿਆ ਦੇ ਮਾਧਿਅਮ ਨਾਲ ਹੋ ਸਕਦਾ ਹੈ। ਹਾਲਾਂਕਿ ਹਾਲੇ ਇਸ ਪ੍ਰਸਤਾਵ 'ਤੇ ਸਿਰਫ਼ ਚਰਚਾ ਹੀ ਹੋਈ ਹੈ, ਅੰਤਿਮ ਫੈਸਲਾ ਹੋਣਾ ਬਾਕੀ ਹੈ।**



**ਪੁਰਾਣੇ ਸਿਸਟਮ ਵਿੱਚ ਕਿਹੜੀਆਂ ਖ਼ਾਮੀਆਂ ਸਨ ਜੋ ਐੱਨਟੀਏ ਨਾਲ ਦੂਰ ਹੋਈਆਂ?**

ਪਹਿਲਾਂ ਜਦੋਂ ਪ੍ਰਸ਼ਨ ਪੱਤਰ ਤਿਆਰ ਹੁੰਦੇ ਸਨ ਤਦ ਐਨਾਲਸਿਸ ਦੀ ਕੋਈ ਵਿਵਸਥਾ ਨਹੀਂ ਸੀ। ਇਹੀ ਕਾਰਨ ਸੀ, ਕਿ ਅਕਸਰ ਸੁਣਨ ਵਿੱਚ ਆਉਂਦਾ ਸੀ ਕਿ ਇਸ ਵਾਰ ਇਗਜ਼ਾਮ ਬਹੁਤ ਔਖਾ ਸੀ ਜਾਂ ਇਸ ਵਾਰ ਤਾਂ ਐਨਾ ਅਸਾਨ ਹੋਇਆ। ਲੇਕਿਨ ਹੁਣ ਔਨਲਾਈਨ ਇਗਜ਼ਾਮ ਦੇ ਚਲਦੇ ਪੂਰਾ ਡਾਟਾ ਸਾਡੇ ਪਾਸ ਰਹਿੰਦਾ ਹੈ। ਇਸ ਲਈ ਪ੍ਰਸ਼ਨ ਪੱਤਰ ਨਿਰਧਾਰਿਤ ਟੀਚੇ ਦੇ ਅਨੁਸਾਰ ਸੈੱਟ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਪਹਿਲਾਂ ਬਹੁਤ ਜ਼ਿਆਦਾ ਸੰਸਾਧਨ ਪਰੀਖਿਆ ਕਰਵਾਉਣ ਵਿੱਚ ਲਗਦੇ ਸਨ। ਇਹ ਪੂਰੀ ਪ੍ਰਕਿਰਿਆ ਬਹੁਤ ਲੰਬੀ ਹੁੰਦੀ ਸੀ।ਸੀਬੀਐੱਸਈ ਦਾ ਚੇਅਰਮੈਨ ਰਹਿੰਦੇ ਹੋਏ ਮੈਂ ਇਸ ਨੂੰ ਬਹੁਤ ਕਰੀਬ ਤੋਂ ਦੇਖਿਆ ਹੈ, ਉੱਥੇ ਇੱਕ ਰਿਜ਼ਲਟ ਤਿਆਰ ਕਰਨ ਵਿੱਚ ਮਹੀਨਾ ਲਗ ਜਾਂਦਾ ਸੀ। ਇੱਥੇ ਹਫ਼ਤੇ ਭਰ ਵਿੱਚ ਹੀ ਅਸੀਂ ਰਿਜ਼ਲਟ ਤਿਆਰ ਕਰ ਲੈਂਦੇ ਹਾਂ। ਪਹਿਲਾਂ ਇੱਕ ਵਿਸ਼ੇ ਦਾ ਮਾਹਿਰ ਇੱਕ ਹੀ ਪ੍ਰਸ਼ਨ ਪੱਤਰ ਦੇ ਲਈ ਕੰਮ ਕਰਦਾ ਸੀ। ਕਿਉਂਕਿ ਉਸ ਦੇ ਪਾਸ ਹੋਰ ਵੀ ਕਈ ਕੰਮ ਹੁੰਦੇ ਸਨ। ਐੱਨਟੀਏ ਵਿੱਚ ਹੁਣ ਸਾਡੇ ਪਾਸ ਹਰੇਕ ਵਿਸ਼ੇ ਦੇ ਮਾਹਿਰ ਹਨ, ਅਸੀਂ ਕਈ ਦਾਖ਼ਲਾ ਪਰੀਖਿਆਵਾਂ 'ਤੇ ਉਨ੍ਹਾਂ ਤੋਂ ਕੰਮ ਕਰਾ ਸਕਦੇ ਹਾਂ। ਇਸੇ ਦਾ ਨਤੀਜਾ ਹੈ ਕਿ ਅਸੀਂ ਕਈ ਪਰੀਖਿਆਵਾਂ ਸਾਲ ਵਿੱਚ ਦੋ ਵਾਰ ਆਯੋਜਿਤ ਕਰਵਾ ਰਹੇ ਹਾਂ। ਇਸ ਸਾਲ ਅਸੀਂ 25 ਪਰੀਖਿਆਵਾਂ ਦਾ ਆਯੋਜਨ ਕਰ ਰਹੇ ਹਾਂ।

**ਵਿਦਿਆਰਥੀਆਂ ਨੂੰ ਕਿਸ ਤਰ੍ਹਾਂ ਨਾਲ ਇਸ ਦਾ ਫਾਇਦਾ ਪਹੁੰਚਿਆ ਹੈ?**

ਔਨਲਾਈਨ ਟੈਸਟ ਹੋਣ ਦੇ ਚਲਦੇ ਅਸੀਂ ਹੁਣ ਸਾਲ ਵਿੱਚ ਦੋ ਵਾਰ ਪਰੀਖਿਆ ਕਰਵਾ ਰਹੇ ਹਾਂ। ਜੇਈਈ ਤਾਂ ਇਸ ਸਾਲ ਚਾਰ ਵਾਰ ਹੋਵੇਗਾ। ਵਿਕਲਪ ਮਿਲਣ ਨਾਲ ਵਿਦਿਆਰਥੀਆਂ ਦਾ ਤਣਾਅ ਘੱਟ ਹੋਇਆ ਹੈ। ਇੱਕ ਇਗਜ਼ਾਮ ਵਿੱਚ ਜੇਕਰ ਉਹ ਠੀਕ ਨਹੀਂ ਕਰ ਪਾਉਂਦੇ ਤਾਂ ਅਗਲੇ 'ਤੇ ਧਿਆਨ ਦੇ ਸਕਦੇ ਹਨ। ਇਗਜ਼ਾਮ ਤੋਂ ਬਾਅਦ ਹੁਣ ਇਹ ਚਿੰਤਾ ਉਨ੍ਹਾਂ ਨੂੰ ਨਹੀਂ ਰਹਿੰਦੀ, ਕਿ ਮੈਂ ਓਐੱਮਆਰ ਸ਼ੀਟ ਵਿੱਚ ਗ਼ਲਤ ਜਗ੍ਹਾ 'ਤੇ ਗੋਲਾ ਨਹੀਂ ਬਣਾ ਦਿੱਤਾ ਜਾਂ ਮੈਂ ਰੋਲ ਨੰਬਰ ਤਾਂ ਸਹੀ ਲਿਖਿਆ ਹੈ।ਕੁੱਲ ਮਿਲਾ ਕੇ ਅਸੀਂ ਉਨ੍ਹਾਂ ਦੇ ਤਣਾਅ ਨੂੰ ਘੱਟ ਕਰਨ ਦਾ ਕੰਮ ਕੀਤਾ ਹੈ। ਪ੍ਰਸ਼ਨ ਪੱਤਰ ਤਿਆਰ ਕਰਨ ਦਾ ਪੈਟਰਨ ਵੀ ਮੈਂ ਤੁਹਾਨੂੰ ਦੱਸਦਾ ਹਾਂ, ਇਹ ਹੁਣ ਵਿਦਿਆਰਥੀਆਂ ਦੇ ਹਿਤ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤੇ ਜਾਂਦੇ ਹਨ। ਪਰਸੈਂਟਾਈਲ ਨੂੰ ਧਿਆਨ ਵਿੱਚ ਰੱਖ ਕੇ ਰੈਂਕ ਤੈਅ ਕੀਤਾ ਜਾਂਦਾ ਹੈ।ਇਸ ਵਿੱਚ ਸਭ ਤੋਂ ਵੱਡਾ ਜੋ ਫ਼ਾਇਦਾ ਹੋਇਆ ਹੈ ਉਹ ਇਹ ਹੈ ਕਿ ਹੁਣ ਹਰ ਵਿਦਿਆਰਥੀ ਦੀ ਯੋਗਤਾ ਦੀ ਪਹਿਚਾਣ ਕਰ ਸਕਦੇ ਹਾਂ, ਉਹ ਵੀ ਸਭ ਨੂੰ ਬਰਾਬਰ ਮੌਕਿਆਂ ਦੇ ਨਾਲ।

**ਭਵਿੱਖ ਵਿੱਚ ਐੱਨਟੀਏ ਦੇ ਵਿਸਤਾਰ ਦੀ ਕੀ ਸੰਭਾਵਨਾ ਹੈ?**

ਚੀਨ ਵਿੱਚ ਕਾਲਜਾਂ ਵਿੱਚ ਦਾਖ਼ਲੇ ਲਈ ਗਾਵਕਾਓ ਪਰੀਖਿਆ ਵਿੱਚ ਕਰੀਬ 1 ਕਰੋੜ ਪਰੀਖਿਆਰਥੀ ਬੈਠਦੇ ਹਨ। ਇਹ ਦੁਨੀਆ ਦੀ ਸਭ ਤੋਂ ਵੱਡੀ ਪਰੀਖਿਆ ਹੈ। ਲੇਕਿਨ ਇਹ ਸਿਰਫ਼ ਕੁਝ ਭਾਸ਼ਾਵਾਂ ਵਿੱਚ ਹੁੰਦੀ ਹੈ। ਜਦਕਿ ਐੱਨਟੀਏ ਦੁਆਰਾ ਆਯੋਜਿਤ ਨੀਟ ਪਰੀਖਿਆ ਵਿੱਚ 16 ਲੱਖ ਪਰੀਖਿਆਰਥੀਆਂ ਨੂੰ ਅਸੀਂ 16 ਭਾਸ਼ਾਵਾਂ ਵਿੱਚ ਪ੍ਰਸ਼ਨ ਪੱਤਰ ਦਿੱਤੇ ਹਨ। ਗਲੋਬਲ ਸਟੈਂਡਰਡ ਦੇ ਅਧਾਰ ਦੇ ਨਾਲ ਅਸੀਂ ਪੂਰੇ ਦੇਸ਼ ਦੀਆਂ ਪ੍ਰਤਿਭਾਵਾਂ ਨੂੰ ਬਰਾਬਰ ਮੌਕੇ ਉਪਲਬਧ ਕਰਵਾ ਰਹੇ ਹਾਂ। ਇਸ ਤੋਂ ਅੱਗੇ ਵਧ ਕੇ ਜਲਦੀ ਹੀ ਐੱਨਟੀਏ ਪਰੀਖਿਆ ਆਯੋਜਿਤ ਕਰਨ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਏਜੰਸੀ ਹੋਵੇਗੀ। ਅਸੀਂ ਲਗਾਤਾਰ ਇਹ ਕੋਸ਼ਿਸ਼ ਕਰ ਰਹੇ ਹਾਂ ਕਿ ਪ੍ਰਸ਼ਨ ਪੱਤਰ ਇਸ ਤਰ੍ਹਾਂ ਨਾਲ ਤਿਆਰ ਹੋਣ ਕਿ ਵਿਦਿਆਰਥੀਆਂ ਦੀ ਸਹੀ ਯੋਗਤਾ ਸਾਹਮਣੇ ਆ ਸਕੇ ਅਤੇ ਸਾਡੀ ਸਿੱਖਿਆ ਵਿਵਸਥਾ ਨਾਲ ਪਰੀਖਿਆ ਤੱਕ ਵਿਗਿਆਨਕ ਸੋਚ 'ਤੇ ਅਧਾਰਿਤ ਇੱਕ ਸ਼ਾਨਦਾਰ ਸਿਸਟਮ ਖੜ੍ਹਾ ਹੋ ਜਾਵੇ।

ਵਿੱਚ ਸਿੱਧੇ ਪਰੀਖਿਆਰਥੀਆਂ ਦੇ ਕੰਪਿਊਟਰ ਸਿਸਟਮ 'ਤੇ ਖੁੱਲ੍ਹਦਾ ਹੈ। ਪਰੀਖਿਆਰਥੀ ਇਸ ਵਿੱਚ ਸਹੀ ਜਵਾਬ ਨੂੰ ਟਿੱਕ ਲਗਾ ਕੇ ਸਬਮਿਟ ਕਰਦਾ ਹੈ ਅਤੇ ਜ਼ਰੂਰਤ ਪੈਣ 'ਤੇ ਇਸ ਜਵਾਬ ਵਿੱਚ ਬਦਲਾਅ ਵੀ ਕਰ ਸਕਦਾ ਹੈ। ਪਰੀਖਿਆ ਖ਼ਤਮ ਹੋਣ ਤੋਂ ਬਾਅਦ ਪੂਰਾ ਡਾਟਾ ਸਿੱਧਾ ਐੱਨਟੀਏ ਦੇ ਸਰਵਰ ਵਿੱਚ ਜਾ ਕੇ ਜਮ੍ਹਾਂ ਹੋ ਜਾਂਦਾ ਹੈ।

## ਹਰ ਬਾਰੀਕੀ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੇ ਜਾਂਦੇ ਹਨ ਪ੍ਰਸ਼ਨ ਪੱਤਰ

ਕਿਸੇ ਵੀ ਪਰੀਖਿਆ ਦਾ ਪ੍ਰਸ਼ਨ ਪੱਤਰ ਤਿਆਰ ਕਰਨ ਦੇ ਲਈ ਐੱਨਟੀਏ ਦੇ ਪਾਸ ਮਾਹਿਰਾਂ ਦੀ ਇੱਕ ਟੀਮ ਹੈ। ਪਿਛਲੀ ਪਰੀਖਿਆ ਤੋਂ ਮਿਲੇ ਸਾਇਕੋਮੀਟ੍ਰਿਕ ਐਨਾਲਸਿਸ ਤੋਂ ਮਿਲੇ ਡਾਟਾ ਅਤੇ ਪੈਟਰਨ ਦਾ ਵਿਸ਼ਲੇਸ਼ਣ ਕਰਕੇ ਮਾਹਿਰ ਨਵੀਂ ਪਰੀਖਿਆ ਦੇ ਪ੍ਰਸ਼ਨ ਪੱਤਰ ਤਿਆਰ ਕਰਦੇ ਹਨ। ਪ੍ਰਸ਼ਨ ਪੱਤਰ ਤਿਆਰ ਕਰਦੇ ਵਕਤ ਹਰ ਬਾਰੀਕੀ ਦਾ ਧਿਆਨ ਰੱਖਿਆ ਜਾਂਦਾ ਹੈ, ਜਿਵੇਂ: -

**ਪਰੀਖਿਆ ਕੌਣ ਅਤੇ ਕਿਸ ਉਦੇਸ਼ ਨਾਲ ਲਵੇਗਾ?**
**ਕਿਸ ਸਕਿੱਲ/ ਗਿਆਨ ਦਾ ਆਕਲਨ ਕੀਤਾ ਜਾਵੇਗਾ?**
**ਪਰੀਖਿਆਰਥੀ ਆਪਣੇ ਗਿਆਨ ਦੀ ਵਰਤੋਂ ਕਿਵੇਂ ਕਰ ਪਾਉਣਗੇ?**
**ਟੈਸਟ ਕਿੰਨਾ ਲੰਬਾ ਹੋਣਾ ਚਾਹੀਦਾ ਹੈ?**
**ਟੈਸਟ ਕਿੰਨਾ ਕਠਿਨ ਹੋਣਾ ਚਾਹੀਦਾ ਹੈ?**

ਇਸ ਤੋਂ ਬਾਅਦ ਤਿਆਰ ਪ੍ਰਸ਼ਨ ਪੱਤਰ ਦੀ ਡੂੰਘਾਈ ਦੇ ਨਾਲ ਸਮੀਖਿਆ ਕੀਤੀ ਜਾਂਦੀ ਹੈ, ਜ਼ਰੂਰੀ ਸੰਸ਼ੋਧਨ ਕੀਤੇ ਜਾਂਦੇ ਹਨ। ਇਸ ਤੋਂ ਬਾਅਦ ਇਹ ਪ੍ਰਸ਼ਨ ਪੱਤਰ ਵਿਦਿਆਰਥੀਆਂ ਦੇ ਪਾਸ ਪਹੁੰਚਦਾ ਹੈ। ਇਸ ਤੋਂ ਬਾਅਦ ਹੀ ਹਰ ਪ੍ਰਸ਼ਨ ਅਤੇ ਉਸ ਦੇ ਤੈਅ ਉੱਤਰ ਨੂੰ ਲੈ ਕੇ ਡੂੰਘੀ ਸਮੀਖਿਆ ਕੀਤੀ ਜਾਂਦੀ ਹੈ। ਪ੍ਰਸ਼ਨ ਪੱਤਰ ਵਿੱਚ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਹਰ ਵਿਦਿਆਰਥੀ ਦੀ ਪ੍ਰਤਿਭਾ ਦੇ ਸਹੀ ਪੱਧਰ ਦਾ ਮੁੱਲਾਂਕਣ ਉਚਿਤ ਤਰੀਕੇ ਨਾਲ ਹੋ ਸਕੇ।

## ਹੁਣ ਸਮੇਂ ਦਾ ਹੋ ਰਿਹਾ ਸਦਉਪਯੋਗ

ਪਰੀਖਿਆ ਔਨਲਾਈਨ ਹੋਣ ਨਾਲ ਜਿੱਥੇ ਸਿਸਟਮ ਵਿੱਚ ਲੀਕੇਜ ਦੀ ਸੰਭਾਵਨਾ ਖ਼ਤਮ ਹੋਈ ਹੈ, ਉੱਥੇ ਪਰੀਖਿਆ ਲੈਣ ਵਾਲੀ ਏਜੰਸੀ ਅਤੇ ਵਿਦਿਆਰਥੀ ਦੋਹਾਂ ਦੇ ਹੀ ਸਮੇਂ ਦੀ ਵੀ ਬੱਚਤ ਹੋਈ ਹੈ। ਮੁੱਲਾਂਕਣ ਵਿੱਚ ਤਰੁਟੀ ਦੀ ਸੰਭਾਵਨਾ ਖ਼ਤਮ ਹੋਈ ਹੈ ਤਾਂ ਹੁਣ ਵਿਦਿਆਰਥੀਆਂ ਨੂੰ ਵੀ ਨਤੀਜੇ ਦੇ ਲਈ ਲੰਬਾ ਇੰਤਜ਼ਾਰ ਨਹੀਂ ਕਰਨਾ ਹੁੰਦਾ ਹੈ।

## ਅੰਤਰਰਾਸ਼ਟਰੀ ਸਟੈਂਡਰਡਾਂ ਦੀ ਸਥਾਪਨਾ


ਐੱਨਟੀਏ ਦੁਆਰਾ ਆਯੋਜਿਤ ਹਰ ਪਰੀਖਿਆ ਅੰਤਰਰਾਸ਼ਟਰੀ ਸਟੈਂਡਰਡਾਂ ਦੇ ਅਨੁਰੂਪ ਹੋਵੇ ਇਸ ਦਾ ਧਿਆਨ ਰੱਖਿਆ ਜਾਂਦਾ ਹੈ। ਹਰ ਵਿਸ਼ੇ ਦੇ ਮਾਹਿਰਾਂ ਨੂੰ ਇਸ ਦੇ ਲਈ ਨਾਲ ਜੋੜਿਆ ਗਿਆ ਹੈ। ਦੂਜੇ ਦੇਸ਼ਾਂ ਵਿੱਚ ਆਯੋਜਿਤ ਹੋਣ ਵਾਲੀਆਂ ਪ੍ਰਤੀਯੋਗੀ ਪਰੀਖਿਆਵਾਂ ਦੇ ਅਧਿਐਨ ਦੇ ਨਾਲ ਉੱਥੋਂ ਦੀਆਂ ਏਜੰਸੀਆਂ ਦੇ ਮਾਹਿਰਾਂ ਨਾਲ ਵੀ ਸੰਵਾਦ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਦੇ ਜ਼ਰੀਏ ਸਮੇਂ-ਸਮੇਂ 'ਤੇ ਪ੍ਰਸ਼ਨ ਪੱਤਰ ਦੇ ਪੈਟਰਨ ਵਿੱਚ ਬਦਲਾਅ ਕੀਤਾ ਜਾਂਦਾ ਹੈ।

ਸਾਲ 2014 ਤੋਂ ਬਾਅਦ ਹੀ ਕੇਂਦਰ ਸਰਕਾਰ ਦਾ ਯਤਨ ਹੈ ਕਿ ਦੇਸ਼ ਦੀ ਸਿੱਖਿਆ ਵਿਵਸਥਾ ਵਿੱਚ ਕੌਸ਼ਲ ਅਤੇ ਵਿਵਹਾਰਿਕ ਗਿਆਨ ਦੇ ਨਾਲ ਵਿਗਿਆਨਕ ਗਿਆਨ ਦਾ ਸਮਾਵੇਸ਼ ਹੋਵੇ। ਇਸ ਲਈ ਐੱਨਟੀਏ ਦੇ ਜ਼ਰੀਏ ਜੋ ਸ਼ੁਰੂਆਤ ਸਾਲ 2018 ਵਿੱਚ ਕੀਤੀ ਗਈ, ਉਸੇ ਨੂੰ ਅੱਗੇ ਵਧਾਉਂਦੇ ਹੋਏ ਹੁਣ ਕੇਂਦਰ ਸਰਕਾਰ ਨੇ 34 ਸਾਲ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਦਾ ਖਾਕਾ ਦੇਸ਼ ਦੇ ਸਾਹਮਣੇ ਰੱਖਿਆ ਹੈ। ●

## ਕੈਬਨਿਟ ਦੇ ਫੈਸਲੇ

# ਵਿਕਾਸ ਨੂੰ ਗਤੀ ਦੇਣ ਦੇ ਲਈ ਸੰਸਾਧਨ ਜੁਟਾਉਣ ਦੀ ਨਵੀਂ ਪਹਿਲ

**ਆਰਥਿਕ ਵਿਕਾਸ ਨੂੰ ਰਫ਼ਤਾਰ ਦੇ ਕੇ ਆਤਮਨਿਰਭਰ ਭਾਰਤ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕਦਮ ਵਧਾ ਰਹੀ ਸਰਕਾਰ ਨੇ ਇਨਫ੍ਰਾਸਟ੍ਰਕਚਰ 'ਤੇ ਨਿਵੇਸ਼ ਦੇ ਲਈ ਧਨ ਜੁਟਾਉਣ ਦੇ ਨਵੇਂ ਸਰੋਤਾਂ 'ਤੇ ਅਮਲ ਸ਼ੁਰੂ ਕੀਤਾ ਤਾਕਿ ਵਿਕਾਸ ਦਾ ਕੰਮ ਨਾ ਰੁਕੇ ਅਤੇ ਦੇਸ਼ ਦੀ ਪ੍ਰਗਤੀ ਸੁਨਿਸ਼ਚਿਤ ਹੋਵੇ**



**ਫੈਸਲਾ:** ਆਤਮਨਿਰਭਰ ਭਾਰਤ ਦੇ ਵਿਜ਼ਨ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇਨਫਰਾ - ਫਾਇਨੈਂਸਿੰਗ ਦਾ ਮਜ਼ਬੂਤੀਕਰਨ ਕਰਨ ਦੇ ਲਈ ਵਿਕਾਸ ਵਿੱਤ ਸੰਸਥਾਨ (ਡੀਐੱਫਆਈ) ਦੀ ਸਥਾਪਨਾ ਨੂੰ ਪ੍ਰਵਾਨਗੀ।

### ਪਿਛੋਕੜ ਅਤੇ ਪ੍ਰਭਾਵ

- ਡੀਐੱਫਆਈ ਦੀਰਘਕਾਲੀ ਫੰਡ ਜੁਟਾਉਣ ਵਿੱਚ ਮਦਦ ਕਰੇਗਾ, ਇਸ ਨੂੰ ਇਸ ਸਾਲ ਦੇ ਆਮ ਬਜਟ ਤੋਂ ਸ਼ੁਰੂਆਤੀ ਰਾਸ਼ੀ ਮਿਲੇਗੀ, ਜਿਸ ਦਾ ਐਲਾਨ ਵਿੱਤ ਮੰਤਰੀ ਨੇ ਆਮ ਬਜਟ ਦੇ ਦੌਰਾਨ ਕੀਤਾ ਸੀ।
- ਇਸ ਸਾਲ ਦੇ ਲਈ 20 ਹਜ਼ਾਰ ਕਰੋੜ ਰੁਪਏ ਦਾ ਪੂੰਜੀ ਨਿਵੇਸ਼, ਅਗਲੇ 5 ਸਾਲਾਂ ਵਿੱਚ 3 ਲੱਖ ਕਰੋੜ ਰੁਪਏ ਤੱਕ ਫੰਡ ਜੁਟਾਉਣ ਦੀ ਉਮੀਦ ਹੈ।ਸ਼ੁਰੂਆਤੀ ਗਰਾਂਟ 5 ਹਜ਼ਾਰ ਕਰੋੜ ਰੁਪਏ ਦੀ ਹੋਵੇਗੀ ਅਤੇ ਹੋਰ ਗਰਾਂਟ ਵਿੱਚ ਵੀ ਵਾਧਾ ਹੋਵੇਗਾ।
- ਡੀਐੱਫਆਈ ਇਨਫ੍ਰਾ ਫਾਇਨੈਂਸਿੰਗ ਨੂੰ ਮਜ਼ਬੂਤ ਕਰਨ ਵਿੱਚ ਸਹਾਇਕ ਹੋਵੇਗਾ ਅਤੇ ਗਤੀ ਦੇਣ ਦਾ ਕੰਮ ਕਰੇਗਾ।ਮੰਗ ਵਧੇਗੀ ਅਤੇ ਨਵੇਂ ਰੋਜ਼ਗਾਰ ਸਿਰਜਣ ਨਾਲ ਆਰਥਿਕ ਵਿਕਾਸ ਨੂੰ ਵੀ ਗਤੀ ਮਿਲੇਗੀ।

**ਫੈਸਲਾ:** ਆਰਥਿਕ ਵਿਕਾਸ ਦੇ ਲਈ ਪਾਵਰ ਇੰਫਰਾ ਨੂੰ ਸਸ਼ਕਤ ਕਰਨ ਦੇ ਲਈ ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਵਿੱਚ ਟਰਾਂਸਮਿਸ਼ਨ ਅਤੇ ਵੰਡ ਪ੍ਰਣਾਲੀ ਦੇ ਮਜ਼ਬੂਤੀਕਰਨ ਦੇ ਲਈ ਸੰਸ਼ੋਧਿਤ ਅਨੁਮਾਨਾਂ ਨੂੰ ਪ੍ਰਵਾਨਗੀ।

### ਪਿਛੋਕੜ ਅਤੇ ਪ੍ਰਭਾਵ

- 9129.32 ਕਰੋੜ ਰੁਪਏ ਦਾ ਸੰਸ਼ੋਧਿਤ ਲਾਗਤ ਅਨੁਮਾਨ, ਇਸ ਯੋਜਨਾ ਦੀ ਪੂਰੀ ਲਾਗਤ ਕੇਂਦਰ ਸਰਕਾਰ ਦੁਆਰਾ ਉਠਾਈ ਜਾ ਰਹੀ ਹੈ।
- ਇਸ ਯੋਜਨਾ ਨੂੰ ਪਾਵਰ ਗ੍ਰਿੱਡ ਦੇ ਮਾਧਿਅਮ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਇਸ ਸਾਲ ਦਸੰਬਰ ਤੱਕ ਇਸ ਨੂੰ ਲੜੀਵਾਰ ਤਰੀਕੇ ਨਾਲ ਚਾਲੂ ਕਰਨ ਦਾ ਟੀਚਾ ਹੈ।
- ਇਸ ਨਾਲ ਪ੍ਰਤੀ ਵਿਅਕਤੀ ਬਿਜਲੀ ਦੀ ਖਪਤ ਵਿੱਚ ਵਾਧਾ ਹੋਵੇਗਾ ਅਤੇ ਯੋਜਨਾ ਰਾਜਾਂ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਦੇਵੇਗੀ।
- ਸਥਾਨਕ ਲੋਕਾਂ ਦੇ ਲਈ ਵੱਡੀ ਸੰਖਿਆ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ।

**ਫੈਸਲਾ: ਹੈਂਡੀਕਰਾਫਟ ਐਂਡ ਹੈਂਡਲੂਮ ਐਕਸਪੋਰਟ ਕਾਰਪੋਰੇਸ਼ਨ ਆਫ਼ ਇੰਡੀਆ ਲਿਮਿਟਿਡ ਨੂੰ ਬੰਦ ਕਰਨ ਦੀ ਪ੍ਰਵਾਨਗੀ।**

**ਪਿਛੋਕੜ ਅਤੇ ਪ੍ਰਭਾਵ:** ਬਿਮਾਰ ਸਰਕਾਰੀ ਕੰਪਨੀਆਂ ਜੋ ਚਾਲੂ ਸਥਿਤੀ ਵਿੱਚ ਨਹੀਂ ਹਨ ਅਤੇ ਲੋੜੀਂਦੀ ਆਮਦਨ ਨਹੀਂ ਕਰ ਪਾ ਰਹੀਆਂ ਹਨ, ਉਨ੍ਹਾਂ ਨੂੰ ਬੰਦ ਕਰਨ ਨਾਲ ਲਗਾਤਾਰ ਵਧ ਰਹੇ ਸਰਕਾਰੀ ਖ਼ਰਚੇ ਵਿੱਚ ਕਮੀ ਆਵੇਗੀ। ਵਿੱਤ ਵਰ੍ਹੇ 2015-16 ਤੋਂ ਕਾਰਪੋਰੇਸ਼ਨ ਲਗਾਤਾਰ ਘਾਟੇ ਵਿੱਚ ਚਲ ਰਹੀ ਹੈ ਅਤੇ ਆਪਣੇ ਸੰਚਾਲਨ ਤੱਕ ਦੇ ਖ਼ਰਚ ਦੀ ਵੀ ਆਮਦਨ ਨੂੰ ਪੂਰਾ ਕਰਨ ਵਿੱਚ ਸਮਰੱਥ ਨਹੀਂ ਹੈ। ਇਸ ਘਾਟੇ ਤੋਂ ਉੱਭਰ ਪਾਉਣਾ ਸੰਭਵ ਨਹੀਂ ਹੈ,ਇਸ ਲਈ ਇਸ ਨੂੰ ਬੰਦ ਕਰਨਾ ਜ਼ਰੂਰੀ ਹੈ। ਇਸ ਕਾਰਪੋਰੇਸ਼ਨ ਵਿੱਚ 59 ਸਥਾਈ ਕਰਮਚਾਰੀ ਅਤੇ 6 ਮੈਨੇਜਮੈਂਟ ਟ੍ਰੇਨੀ ਹਨ, ਜਿਨ੍ਹਾਂ ਨੂੰ ਵੀਆਰਐੱਸ ਦਾ ਲਾਭ ਉਠਾਉਣ ਦਾ ਮੌਕਾ ਦਿੱਤਾ ਜਾਵੇਗਾ। ●




# ਟੀਕਾਕਰਣ ਅਤੇ ਸਿਹਤ ਸੁਵਿਧਾਵਾਂ ਵਿੱਚ ਅੱਗੇ ਵਧ ਰਿਹਾ ਭਾਰਤ

**ਕੋਰੋਨਾ ਦੇ ਖ਼ਿਲਾਫ਼ ਨਿਰਣਾਇਕ ਜੰਗ ਵਿੱਚ ਭਾਰਤ ਸਤਰਕਤਾ ਦੇ ਨਾਲ ਹਰ ਉਹ ਕਦਮ ਉਠਾ ਰਿਹਾ ਹੈ ਜੋ ਜਨ-ਜੀਵਨ ਅਤੇ ਦੇਸ਼ ਦੀ ਵਿਵਸਥਾ ਨੂੰ ਸੁਚਾਰੂ ਬਣਾ ਰਿਹਾ ਹੈ। ਦੁਨੀਆ ਦੀ ਸਭ ਤੋਂ ਵੱਡੀ ਟੀਕਾਕਰਣ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਭਾਰਤ ਹੁਣ 45 ਸਾਲ ਅਤੇ ਉਸ ਤੋਂ ਜ਼ਿਆਦਾ ਉਮਰ ਦੇ ਸਾਰੇ ਲੋਕਾਂ ਨੂੰ ਟੀਕਾ ਲਗਾਉਣ ਦੀ ਵੱਡੀ ਪਹਿਲ ਦੇ ਨਾਲ ਸਿਹਤ ਸੁਵਿਧਾਵਾਂ ਦੀ ਅਜਿਹੀ ਵਿਵਸਥਾ ਬਣਾ ਰਿਹਾ ਹੈ, ਜਿਸ ਦੀ ਮੁਰੀਦ ਹੋ ਰਹੀ ਹੈ ਦੁਨੀਆ**

ਟੈਸਟਿੰਗ, ਟ੍ਰੈਕਿੰਗ ਅਤੇ ਟ੍ਰੀਟਮੈਂਟ (ਟੀ-3) ਦੀ ਪ੍ਰਕਿਰਿਆ ਨੂੰ ਸਖ਼ਤੀ ਨਾਲ ਲਾਗੂ ਕਰਦੇ ਹੋਏ ਕੋਰੋਨਾ ਦੇ ਖ਼ਿਲਾਫ਼ ਲੜਾਈ ਜਾਰੀ ਹੈ ਤਾਂ ਟੀਕਾਕਰਣ ਅਭਿਯਾਨ ਨੂੰ ਵੀ ਵਿਸਤਾਰ ਦਿੰਦੇ ਹੋਏ ਗਤੀ ਤੇਜ਼ ਕਰ ਦਿੱਤੀ ਗਈ ਹੈ। ਦੇਸ਼ ਭਰ ਵਿੱਚ ਕੋਰੋਨਾ ਦੇ ਖ਼ਿਲਾਫ਼ ਟੀਕਾਕਰਣ ਮੁਹਿੰਮ ਵਿੱਚ ਕੇਂਦਰ ਸਰਕਾਰ ਨੇ ਅਹਿਮ ਫੈਸਲਾ ਲਿਆ ਹੈ। ਹੁਣ 45 ਸਾਲ ਅਤੇ ਇਸ ਤੋਂ ਜ਼ਿਆਦਾ ਉਮਰ ਦੇ ਸਾਰੇ ਲੋਕਾਂ ਨੂੰ ਟੀਕਾ ਲਗਾਇਆ ਜਾਵੇਗਾ। ਹਾਲੇ ਤੱਕ ਸਿਰਫ਼ ਗੰਭੀਰ ਸ਼੍ਰੇਣੀ ਵਿੱਚ ਸ਼ਾਮਲ 45 ਸਾਲ ਤੋਂ ਜ਼ਿਆਦਾ ਉਮਰ ਦੇ ਲੋਕਾਂ ਨੂੰ ਹੀ ਟੀਕਾ ਲਗਾਇਆ ਜਾ ਰਿਹਾ ਸੀ। ਇਸ ਦੇ ਲਈ ਬਾਕਾਇਦਾ ਲਾਭਾਰਥੀਆਂ ਨੂੰ ਪ੍ਰਮਾਣ-ਪੱਤਰ ਦਿਖਾਉਣਾ ਪੈ ਰਿਹਾ ਸੀ। ਕੇਂਦਰ ਸਰਕਾਰ ਨੇ ਇਹ ਵੀ ਸਾਫ਼ ਕਰ ਦਿੱਤਾ ਹੈ ਕਿ ਦੇਸ਼ ਵਿੱਚ ਵੈਕਸੀਨ ਲੋੜੀਂਦੀ ਮਾਤਰਾ ਵਿੱਚ ਉਪਲਬਧ ਹੈ ਅਤੇ ਦੋਨੋਂ ਵੈਕਸੀਨ ਪ੍ਰਭਾਵੀ ਹਨ ਕਿਉਂਕਿ ਖ਼ੁਦ ਪ੍ਰਧਾਨ ਮੰਤਰੀ ਨੇ ਕੋਵੈਕਸਿਨ ਟੀਕਾ ਲਗਵਾ ਕੇ ਇਸ ਦਾ ਸਬੂਤ ਦਿੱਤਾ ਹੈ। ਕੋਰੋਨਾ ਖ਼ਿਲਾਫ਼ ਜੰਗ ਵਿੱਚ ਵਿਗਿਆਨੀਆਂ-ਮਾਹਿਰਾਂ ਦੀ ਸਲਾਹ ਨੂੰ ਸਭ ਤੋਂ ਮਹੱਤਵਪੂਰਨ ਮੰਨਦੇ ਹੋਏ ਸਰਕਾਰ ਨਵੇਂ ਨੀਤੀਗਤ ਬਦਲਾਅ ਵੀ ਕਰ ਰਹੀ ਹੈ। ਇਸੇ ਕੜੀ ਵਿੱਚ ਇਮਿਊਨਿਟੀ 'ਤੇ ਰਾਸ਼ਟਰੀ ਤਕਨੀਕੀ ਸਲਾਹਕਾਰ ਸਮੂਹ (NITAG) ਅਤੇ ਵੈਕਸੀਨ 'ਤੇ ਰਾਸ਼ਟਰੀ ਉੱਚ ਪੱਧਰੀ ਪ੍ਰਸ਼ਾਸਨਿਕ ਸਮੂਹ (NEGVAC) ਦੀ ਸਲਾਹ 'ਤੇ ਕੋਵੀਸ਼ੀਲਡ ਟੀਕੇ ਦੇ ਲਈ 4 – 6 ਹਫ਼ਤਿਆਂ ਵਿੱਚ ਦੂਸਰੀ ਡੋਜ਼ ਲੈਣ ਦੀ ਮਿਆਦ ਨੂੰ ਹੁਣ ਵਧਾ ਕੇ 4 ਤੋਂ 8 ਹਫ਼ਤੇ ਕਰ ਦਿੱਤਾ ਗਿਆ ਹੈ। ਸਿਹਤ ਖੇਤਰ ਵਿੱਚ ਭਾਰਤ ਦੀ ਅਨੋਖੀ ਪਹਿਲ ਦਾ ਹੀ ਨਤੀਜਾ

# ਵੈਕਸੀਨ ਦੇ ਨਵੇਂ ਪ੍ਰਾਵਧਾਨ ਜੋ ਜਾਣਨਾ ਹੈ ਜ਼ਰੂਰੀ

- ਕੋਵੀਸ਼ੀਲਡ ਵੈਕਸੀਨ ਦੇ ਦੋ ਡੋਜ਼ ਦੇ ਦਰਮਿਆਨ ਦਾ ਫ਼ਰਕ 4 ਤੋਂ 6 ਹਫ਼ਤੇ ਤੋਂ ਵਧਾਕੇ 4 ਤੋਂ 8 ਹਫ਼ਤੇ ਕੀਤਾ ਗਿਆ। 6-8 ਹਫ਼ਤੇ ਦੇ ਦਰਮਿਆਨ ਵੈਕਸੀਨ ਦਾ ਡੋਜ਼ ਲੈਣ ਨਾਲ ਪ੍ਰਤੀਰੋਧਕ ਸ਼ਕਤੀ ਵਧਦੀ ਹੈ।
- ਭਲੇ ਹੀ ਤੁਹਾਡੇ ਦੂਸਰੇ ਡੋਜ਼ ਦੇ ਲਈ ਮਿਤੀ ਆਟੋ ਸ਼ਡਿਊਲ ਹੋ ਗਈ ਹੋਵੇ, ਤੁਸੀਂ ਵਿਸਤਾਰਿਤ ਮਿਆਦ ਦੇ ਦਰਮਿਆਨ ਇੱਕ ਨਿਸ਼ਚਿਤ ਦਿਨ ਅਤੇ ਤਾਰੀਖ਼ ਚੁਣ ਸਕਦੇ ਹੋ। ਆਪਣੀ ਅਪੁਆਇੰਟਮੈਂਟ ਨੂੰ ਫਿਰ ਤੋਂ ਨਿਰਧਾਰਿਤ ਕਰਨ ਦੇ ਲਈ www.cowin.gov.in' ਤੇ ਵਿਜ਼ਿਟ ਕਰੋ।
- 45 ਸਾਲ ਜਾਂ ਉਸ ਤੋਂ ਜ਼ਿਆਦਾ ਉਮਰ ਦੇ ਸਾਰੇ ਲੋਕ ਟੀਕਾਕਰਣ ਕਰਾ ਸਕਦੇ ਹਨ, ਇਸ ਦੇ ਲਈ ਹੁਣ ਕਿਸੇ ਗੰਭੀਰ ਬਿਮਾਰੀ ਦਾ ਹੋਣਾ ਜ਼ਰੂਰੀ ਨਹੀਂ ਹੈ।
- 1 ਜਨਵਰੀ 1977 ਤੋਂ ਪਹਿਲਾਂ ਜਨਮ ਲੈਣ ਵਾਲੇ ਸਾਰੇ ਲੋਕ ਟੀਕਾਕਰਣ ਦੇ ਲਈ ਪਾਤਰ ਹਨ।
- ਕੋਵਿਨ ਸਿਸਟਮ 'ਤੇ ਰਜਿਸਟ੍ਰੇਸ਼ਨ ਅਤੇ ਅਪੁਆਇੰਟਮੈਂਟ ਦੀ ਪ੍ਰਕਿਰਿਆ 1 ਅਪ੍ਰੈਲ 2021 ਤੋਂ ਸ਼ੁਰੂ ਹੋ ਗਈ ਹੈ। ਇਸ ਤਾਰੀਖ ਤੋਂ ਔਨਲਾਈਨ ਦੇ ਨਾਲ-ਨਾਲ ਔਨਸਾਈਟ ਰਜਿਸਟ੍ਰੇਸ਼ਨ ਦੀ ਵੀ ਮਾਨਤਾ ਹੋਵੇਗੀ।
- ਕੋਵਿਨ ਐਪ 'ਤੇ ਟੀਕਾਕਰਣ ਦੇ ਲਈ ਔਨਲਾਈਨ ਅਪੁਆਇੰਟਮੈਂਟ ਲੈਣ ਵਾਲੇ ਲਾਭਾਰਥੀਆਂ ਨੂੰ ਨਿਜੀ ਜਾਂ ਜਨਤਕ ਹਸਪਤਾਲਾਂ ਵਿੱਚ ਫਿਰ ਤੋਂ ਅਪੁਆਇੰਟਮੈਂਟ ਲੈਣ ਦੀ ਜ਼ਰੂਰਤ ਨਹੀਂ ਹੋਵੇਗੀ।
- ਜੇਕਰ ਕੋਈ ਹਸਪਤਾਲ ਟੀਕਾਕਰਣ ਪ੍ਰਮਾਣ ਪੱਤਰ ਦੇ ਪ੍ਰਾਵਧਾਨ ਸਮੇਤ ਨਵੇਂ ਟੀਕਾਕਰਣ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਨਹੀਂ ਕਰਦਾ ਹੈ ਤਾਂ ਤੁਸੀਂ ਟੋਲ ਫ਼੍ਰੀ ਨੰਬਰ 1075 'ਤੇ ਸ਼ਿਕਾਇਤ ਵੀ ਦਰਜ ਕਰਵਾ ਸਕਦੇ ਹੋ।
- ਦੇਸ਼ ਵਿੱਚ ਟੀਕਿਆਂ ਦੀ ਕੋਈ ਕਮੀ ਨਹੀਂ ਹੈ। ਲੋਕਾਂ ਨੂੰ ਬੇਵਜ੍ਹਾ ਘਬਰਾਉਣਾ ਨਹੀਂ ਚਾਹੀਦਾ।

## ਸਾਵਧਾਨੀ ਹਾਲੇ ਵੀ ਜ਼ਰੂਰੀ, ਕਿਉਂਕਿ ਫਿਰ ਵਧ ਰਹੇ ਹਨ ਕੋਰੋਨਾ ਦੇ ਅੰਕੜੇ

ਕੋਰੋਨਾ ਦੇ ਮਾਮਲੇ ਇੱਕ ਵਾਰ ਫੇਰ ਵਧਣ ਲਗੇ ਹਨ। ਅਜਿਹੇ ਵਿੱਚ ਜ਼ਰੂਰੀ ਹੈ ਕਿ ਅਸੀਂ ਸਤਰਕਤਾ ਵਰਤੀਏ। ਮਹਾਰਾਸ਼ਟਰ ਦੇ ਕਈ ਹਿੱਸਿਆਂ ਵਿੱਚ ਵੱਡੀ ਸੰਖਿਆ ਵਿੱਚ ਮਾਮਲੇ ਸਾਹਮਣੇ ਆਏ ਹਨ।4 ਅਪ੍ਰੈਲ ਨੂੰ ਪੂਰੇ ਦੇਸ਼ ਵਿੱਚ 1,03,794 ਨਵੇਂ ਮਰੀਜ਼ ਮਿਲੇ। ਇਨ੍ਹਾਂ ਵਿੱਚੋਂ 54,074 ਕੇਸ ਇਕੱਲੇ ਮਹਾਰਾਸ਼ਟਰ ਵਿੱਚੋਂ ਸਾਹਮਣੇ ਆਏ ਹਨ। ਇੱਥੇ ਸਾਰੇ ਜ਼ਿਲ੍ਹਿਆਂ ਵਿੱਚ ਨਾਈਟ ਕਰਫਿਊ ਲਗਾ ਦਿੱਤਾ ਗਿਆ ਹੈ।

**7,41,830**
ਕੁੱਲ ਐਕਟਿਵ ਮਰੀਜ਼

| 1,16,82,136 | 1,65,101 | 92.80% |
|---|---|---|
| ਠੀਕ ਹੋਏ ਮਰੀਜ਼ | ਮੌਤਾਂ | ਰਿਕਵਰੀ ਰੇਟ |

**ਮੌਤ ਦਰ (1.31%)** ਅੰਕੜੇ 4 ਅਪ੍ਰੈਲ ਤੱਕ



**5 ਅਪ੍ਰੈਲ ਤੱਕ ਦੇ ਅੰਕੜਿਆਂ ਦੇ ਅਨੁਸਾਰ ਕਰੀਬ 7,91,05,163 ਲੋਕਾਂ ਨੂੰ ਵੈਕਸੀਨ ਦਿੱਤੀ ਜਾ ਚੁੱਕੀ ਹੈ।**

**ਵੈਕਸੀਨ ਮੈਤ੍ਰੀ...** 29 ਮਾਰਚ ਤੱਕ ਭਾਰਤ ਦੁਨੀਆ ਦੇ 84 ਦੇਸ਼ਾਂ ਨੂੰ ਕੋਰੋਨਾ ਵੈਕਸੀਨ ਦੇ 6 ਕਰੋੜ 45 ਲੱਖ 26 ਹਜ਼ਾਰ ਡੋਜ਼ ਭੇਜ ਚੁੱਕਿਆ ਹੈ। ਇਨ੍ਹਾਂ ਵਿੱਚੋਂ 1 ਕਰੋੜ 5 ਲੱਖ ਡੋਜ਼ ਬਤੌਰ ਉਪਹਾਰ ਦਿੱਤੇ ਗਏ ਹਨ।

### ਵਕਤ ਤੋਂ ਪਹਿਲਾਂ ਪੂਰਾ ਹੋਇਆ ਹੈਲਥ-ਵੈੱਲਨੈੱਸ ਸੈਂਟਰ ਦਾ ਟੀਚਾ

ਪਹਿਲੀ ਵਾਰ ਸਿਹਤ ਖੇਤਰ ਕਿਸੇ ਸਰਕਾਰ ਦੇ ਏਜੰਡੇ ਦਾ ਪ੍ਰਮੁੱਖ ਅਧਾਰ ਥੰਮ੍ਹ ਬਣਿਆ ਹੈ।ਇਸੇ ਦਾ ਨਤੀਜਾ ਹੈ ਕਿ 31 ਮਾਰਚ 2021 ਤੱਕ 70 ਹਜ਼ਾਰ ਹੈਲਥ-ਵੈੱਲਨੈੱਸ ਸੈਂਟਰ ਬਣਾਉਣ ਦਾ ਟੀਚਾ 10 ਦਿਨ ਪਹਿਲਾਂ ਹੀ ਪੂਰਾ ਕਰ ਲਿਆ ਗਿਆ ਹੈ। ਯਾਨੀ 21 ਮਾਰਚ ਤੱਕ ਦੇਸ਼ ਵਿੱਚ 70,015 ਆਯੁਸ਼ਮਾਨ ਭਾਰਤ ਹੈਲਥ-ਵੈੱਲਨੈੱਸ ਸੈਂਟਰ ਚਾਲੂ ਹੋ ਗਏ ਹਨ। ਇਨ੍ਹਾਂ ਦਾ ਲਾਭ 41.35 ਕਰੋੜ ਤੋਂ ਜ਼ਿਆਦਾ ਲੋਕਾਂ ਨੇ ਉਠਾਇਆ ਹੈ।

### ਡਿਜ਼ੀਟਲ ਸਿਹਤ ਸੇਵਾ ਵਿੱਚ ਦੇਸ਼ ਦੀ ਈ-ਸੰਜੀਵਨੀ

ਕੋਰੋਨਾ ਕਾਲ ਤੋਂ ਕੁਝ ਕੁ ਮਹੀਨੇ ਪਹਿਲਾਂ ਸ਼ੁਰੂ ਹੋਏ ਟੈਲੀਮੈਡੀਸਿਨ ਸੇਵਾ ਈ-ਸੰਜੀਵਨੀ ਨੇ ਵੱਡੀ ਉਪਲਬਧੀ ਹਾਸਲ ਕਰਦੇ ਹੋਏ 30 ਲੱਖ ਤੋਂ ਜ਼ਿਆਦਾ ਮਸ਼ਵਰੇ ਦਿੱਤੇ ਹਨ। ਇਹ ਸੇਵਾ 31 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸੰਚਾਲਿਤ ਹੈ ਅਤੇ ਰੋਜ਼ਾਨਾ ਦੇਸ਼ ਦੇ 35 ਹਜ਼ਾਰ ਤੋਂ ਜ਼ਿਆਦਾ ਮਰੀਜ਼ ਈ- ਸੰਜੀਵਨੀ ਦੀ ਵਰਤੋਂ ਕਰ ਰਹੇ ਹਨ।ਈ-ਸੰਜੀਵਨੀ ਓਪੀਡੀ ਦੇ ਤਹਿਤ 21 ਲੱਖ ਤੋਂ ਜ਼ਿਆਦਾ ਰੋਗੀਆਂ ਨੂੰ ਸੇਵਾ ਦਿੱਤੀ ਗਈ ਹੈ।

ਹੈ ਕਿ ਨਾਨ-ਕਮਿਊਨੀਕੇਬਲ ਡਿਸੀਜ਼ ਤੋਂ ਪ੍ਰੀ ਮਚਿਓਰ ਮੌਤ ਦਰ ਨੂੰ ਘੱਟ ਕਰਨ ਵਿੱਚ ਵੱਡੀ ਉਪਲਬਧੀ ਹਾਸਲ ਕੀਤੀ ਹੈ। ਜਿਸ 'ਤੇ ਸੰਯੁਕਤ ਰਾਸ਼ਟਰ ਦੇ ਟ੍ਰੇਨਿੰਗ ਅਤੇ ਰਿਸਰਚ (UNITAR) ਨੇ ਵੀ ਭਾਰਤ ਦੀ ਪ੍ਰਸ਼ੰਸਾ ਕੀਤੀ ਹੈ ਕਿਉਂਕਿ ਨਾਨ-ਕਮਿਊਨੀਕੇਬਲ ਡਿਸੀਜ਼ ਦੀ ਰੋਕਥਾਮ ਅਤੇ ਸਿਹਤ ਵਿਵਸਥਾ ਨੂੰ ਮਜ਼ਬੂਤ ਕਰਨ ਦੇ ਲਈ ਉਠਾਏ ਗਏ ਕਦਮਾਂ ਦੇ ਮਾਮਲਿਆਂ ਵਿੱਚ ਭਾਰਤ ਦੁਨੀਆ ਵਿੱਚ ਸਭ ਤੋਂ ਅੱਗੇ ਹੈ। ●



# ਡਾਕ ਬੈਂਕ | ਤੁਹਾਡਾ ਬੈਂਕ ਤੁਹਾਡੇ ਦੁਆਰ

**ਜੀਐੱਸਟੀ, ਆਧਾਰ ਅਤੇ ਜਨਧਨ ਖਾਤਿਆਂ ਦੇ ਨਾਲ ਦੇਸ਼ ਦੀ ਵਿਵਸਥਾ ਨੂੰ ਇੱਕ ਨਵਾਂ ਰੂਪ ਦੇਣ ਦੀ ਲੜੀ ਵਿੱਚ 1 ਸਤੰਬਰ 2018 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖ਼ੁਦ ਆਪਣਾ ਖਾਤਾ ਖੋਲ੍ਹ ਕੇ ਇੰਡੀਆ ਪੋਸਟ ਬੈਂਕ ਦੀ ਸ਼ੁਰੂਆਤ ਕੀਤੀ ਸੀ। ਮਕਸਦ ਸੀ, ਦੇਸ਼ ਦੇ ਦੂਰ-ਦੁਰਾਡੇ ਇਲਾਕੇ ਤੱਕ ਮੌਜੂਦਾ ਸਵਾ ਲੱਖ ਡਾਕਘਰਾਂ ਅਤੇ 3 ਲੱਖ ਡਾਕੀਆਂ ਦੇ ਵੱਡੇ ਨੈੱਟਵਰਕ ਦੀ ਵਰਤੋਂ ਆਮ ਆਦਮੀ ਦੇ ਹਿਤ ਵਿੱਚ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਬੈਂਕਿੰਗ ਸੇਵਾਵਾਂ ਉਨ੍ਹਾਂ ਦੇ ਦੁਆਰ 'ਤੇ ਮਿਲਣ..**

ਤਮਿਲ ਨਾਡੂ ਦੇ ਮੂਗੈਯੂਰ (ਥੋਪੂ) ਪਿੰਡ ਵਿੱਚ ਰਹਿਣ ਵਾਲੇ ਬਜ਼ੁਰਗ ਸੁੰਦਰਮ ਸਰੀਰਕ ਰੂਪ ਤੋਂ ਸਮਰੱਥ ਨਹੀਂ ਹਨ। ਉਨ੍ਹਾਂ ਦੇ ਸਭ ਤੋਂ ਨੇੜੇ ਸਰਕਾਰੀ ਬੈਂਕ ਦੀ ਸ਼ਾਖਾ 10 ਕਿਲੋਮੀਟਰ ਦੂਰ ਹੈ। ਦਿੱਵਯਾਂਗ ਅਤੇ ਬਜ਼ੁਰਗ ਹੋਣ ਦੇ ਕਾਰਨ ਰੁਪਏ ਕੱਢਣ ਦੇ ਲਈ ਬੈਂਕ ਜਾਣਾ ਉਨ੍ਹਾਂ ਦੇ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਸੀ। ਉਨ੍ਹਾਂ ਨੂੰ ਪਰੇਸ਼ਾਨ ਦੇਖ ਕੇ ਪੋਸਟ ਮਾਸਟਰ ਅਰੁਣ ਸੇਲਵਾ ਕੁਮਾਰ ਨੇ ਉਨ੍ਹਾਂ ਨੂੰ ਡਾਕ ਘਰ ਨਾਲ ਚਲਣ ਵਾਲੀ ਆਧਾਰ ਸਮਰੱਥ ਭੁਗਤਾਨ ਪ੍ਰਣਾਲੀ (ਏਈਪੀਐੱਸ) ਸੇਵਾ ਬਾਰੇ ਦੱਸਿਆ। ਸੁੰਦਰਮ ਨੂੰ ਨਾ ਤਾਂ ਹੁਣ ਖਾਤੇ ਵਿੱਚੋਂ ਰੁਪਏ ਕਢਾਉਣ ਦੇ ਲਈ 10 ਕਿਲੋਮੀਟਰ ਦੂਰ ਜਾਣਾ ਹੁੰਦਾ ਹੈ ਅਤੇ ਨਾ ਪਰਚੀ ਭਰਵਾਉਣ ਦੇ ਲਈ ਬੈਂਕ ਕਰਮਚਾਰੀਆਂ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਹਨ।ਹੁਣ ਉਹ ਸਿਰਫ ਡਾਕੀਏ ਦੇ ਕੋਲ ਉਪਲਬਧ ਬਾਇਓਮੀਟ੍ਰਿਕ ਉਪਕਰਣ 'ਤੇ ਅੰਗੂਠਾ ਲਾ ਕੇ ਅਸਾਨੀ ਨਾਲ ਰੁਪਏ ਕੱਢ ਲੈਂਦੇ ਹਨ। ਅੱਜ ਜੇਕਰ ਦੇਸ਼ ਦੇ ਕਰੋੜਾਂ ਲੋਕ ਅੰਗੂਠਾ ਲਾ ਕੇ ਅਸਾਨੀ ਨਾਲ ਰੁਪਏ ਕੱਢਣ ਦੇ ਯੋਗ ਹੋ ਪਾ ਰਹੇ ਹਨ ਤਾਂ ਉਸ ਦੀ ਵਜ੍ਹਾ ਹੈ ਇੰਡੀਆ ਪੋਸਟ ਪੇਮੈਂਟ ਬੈਂਕ।ਸੰਚਾਰ ਮੰਤਰਾਲੇ ਦੇ ਤਹਿਤ ਪਾਇਲਟ ਪ੍ਰੋਜੈਕਟ ਦੇ ਰੂਪ ਵਿੱਚ ਰਾਂਚੀ ਅਤੇ ਰਾਏਪੁਰ ਤੋਂ ਸ਼ੁਰੂ ਹੋਣ ਵਾਲੀ ਇਹ ਸੇਵਾ ਹੁਣ ਦੇਸ਼ ਦੇ ਹਰ ਜ਼ਿਲ੍ਹੇ ਵਿੱਚ ਮਿਲ ਰਹੀ ਹੈ।

## ਹੁਣ ਤੁਹਾਡੇ ਘਰ ਆਇਆ ਬੈਂਕ

ਖਾਤਾ ਖੋਲ੍ਹਣਾ ਹੋਵੇ ਜਾਂ ਤੁਹਾਡੇ ਖਾਤੇ ਵਿੱਚੋਂ ਕਿਸੇ ਸੁਵਿਧਾ ਦਾ ਲਾਭ ਲੈਣਾ ਹੋਵੇ, ਹੁਣ ਸਿਰਫ ਇੱਕ ਮੈਸੇਜ ਭੇਜ ਕੇ ਤੁਸੀਂ ਡਾਕੀਏ ਨੂੰ ਆਪਣੇ ਘਰ ਬੁਲਾ ਕੇ ਇਨ੍ਹਾਂ ਸੁਵਿਧਾਵਾਂ ਦਾ ਲਾਭ ਲੈ ਸਕਦੇ ਹੋ।ਇੰਡੀਆ ਪੋਸਟ ਪੇਮੈਂਟ ਬੈਂਕ (ਆਈਪੀਪੀਬੀ) ਆਮ ਆਦਮੀ ਦੇ ਲਈ ਇੱਕ ਪਹੁੰਚਯੋਗ, ਸਸਤਾ ਅਤੇ ਭਰੋਸੇਮੰਦ ਬੈਂਕ ਹੈ। ਸ਼ਹਿਰੀ ਅਤੇ ਗ੍ਰਾਮੀਣ ਖੇਤਰਾਂ ਵਿੱਚ ਇਸ ਦੇ ਲਈ 1 ਲੱਖ 36 ਹਜ਼ਾਰ 78 ਅਕਸੈਸ ਪੁਆਇੰਟਸ ਦੀ ਸ਼ੁਰੂਆਤ ਕੀਤੀ ਗਈ ਹੈ। ਬੈਂਕਿੰਗ ਸੇਵਾਵਾਂ ਦੇ ਲਈ 25 ਹਜ਼ਾਰ 259 ਕਾਊਂਟਰ ਬਣਾਏ ਗਏ ਹਨ। ਇਹੀ ਨਹੀਂ, ਦੇਸ਼ ਭਰ ਵਿੱਚ 2.90 ਲੱਖ ਡਾਕੀਏ ਇਹ ਸਾਰੀਆਂ ਬੈਂਕਿੰਗ ਸੇਵਾਵਾਂ ਮੋਬਾਈਲ ਫੋਨ ਅਤੇ ਬਾਇਓਮੀਟ੍ਰਿਕ ਉਪਕਰਣ ਲੈ ਕੇ ਹੁਣ ਤੁਹਾਡੇ ਘਰ ਦੇ ਦਰਵਾਜ਼ੇ ਤੱਕ ਪਹੁੰਚਾਉਣ ਦੇ ਲਈ ਮੌਜੂਦ ਹਨ।

### ਕੋਰੋਨਾ ਮਹਾਮਾਰੀ ਦੇ ਦੌਰਾਨ ਡਾਕ ਬੈਂਕਿੰਗ ਦੀ ਭੂਮਿਕਾ..

- **ਲੌਕਡਾਊਨ ਅਤੇ ਅਨਲੌਕ ਦੇ ਪਹਿਲੇ ਦੌਰ ਦੇ ਦੌਰਾਨ ਕੋਰ ਬੈਂਕਿੰਗ ਸੇਵਾ (ਸੀਬੀਐੱਸ) - ਪੋਸਟ ਆਫਿਸ ਸੇਵਿੰਗਸ ਅਕਾਊਂਟ (ਪੀਓਐੱਸਬੀ) ਖਾਤਿਆਂ ਵਿੱਚ ਕਾਊਂਟਰ ਅਪਰੇਸ਼ਨ ਦੇ ਜ਼ਰੀਏ 48.82 ਕਰੋੜ ਵਾਰ ਵਿੱਚ ਕਰੀਬ 9.86 ਲੱਖ ਕਰੋੜ ਰੁਪਏ ਦਾ ਲੈਣ-ਦੇਣ ਹੋਇਆ।**
- **ਪੀਓਐੱਸਬੀ ਏਟੀਐੱਮ ਦੇ ਜ਼ਰੀਏ ਕਰੀਬ 1.06 ਕਰੋੜ ਵਾਰ ਵਿੱਚ 3,551 ਕਰੋੜ ਰੁਪਏ ਕਢਵਾਏ ਗਏ।**
- **ਕੋਰੋਨਾ ਤੋਂ ਪਹਿਲਾਂ ਅਤੇ 1 ਸਤੰਬਰ 2019 ਤੋਂ ਲੈ ਕੇ 24 ਮਾਰਚ 2020 ਦੇ ਦਰਮਿਆਨ ਆਈਪੀਪੀਬੀ ਨੇ 25.7 ਲੱਖ ਤੋਂ ਜ਼ਿਆਦਾ ਏਈਪੀਐੱਸ ਨਾਲ 848 ਕਰੋੜ ਰੁਪਏ ਵੰਡੇ।**

### ਦੋ ਸੇਵਾਵਾਂ ਜਿਨ੍ਹਾਂ ਦੀ ਸ਼ੁਰੂਆਤ ਪਹਿਲੀ ਵਾਰ ਹੋਈ ..

- ਡਾਕੀਆਂ ਅਤੇ ਗ੍ਰਾਮੀਣ ਡਾਕਘਰਾਂ ਦੇ ਜ਼ਰੀਏ ਹਰ ਘਰ ਦੇ ਦਰਵਾਜ਼ੇ ਤੱਕ ਬੈਂਕਿੰਗ ਸੇਵਾਵਾਂ ਪਹੁੰਚਾਉਣਾ।

*ਇੰਡੀਆ ਪੋਸਟ ਪੇਮੈਂਟਸ ਬੈਂਕ ਦੇ ਮਾਧਿਅਮ ਨਾਲ ਦੇਸ਼ ਭਰ ਦੇ ਗ਼ਰੀਬਾਂ ਅਤੇ ਦੂਰ-ਦਰਾਜ ਦੇ ਪਹਾੜ-ਜੰਗਲਾਂ ਵਿੱਚ ਵਸੇ ਲੋਕਾਂ ਦੇ ਦਰਵਾਜ਼ੇ ਤੱਕ ਬੈਂਕ ਪਹੁੰਚਾਉਣ ਦਾ ਸੰਕਲਪ ਪੂਰਾ ਹੋਣ ਦਾ ਰਸਤਾ ਖੁੱਲ੍ਹ ਗਿਆ ਹੈ।ਹੁਣ ਅਸੀਂ ਬੈਂਕ ਨੂੰ ਪਿੰਡਾਂ ਅਤੇ ਗ਼ਰੀਬਾਂ ਦੇ ਦਰਵਾਜ਼ੇ ਤੱਕ ਪਹੁੰਚਾ ਰਹੇ ਹਾਂ। 'ਤੁਹਾਡਾ ਬੈਂਕ ਤੁਹਾਡੇ ਦੁਆਰ' ਇਹ ਸਾਡੀ ਕਮਿੱਟਮੈਂਟ ਹੈ।*

— ਨਰੇਂਦਰ ਮੋਦੀ, ਪ੍ਰਧਾਨ ਮੰਤਰੀ



- ਅਜਿਹੀਆਂ ਸਹਾਇਕ ਸੇਵਾਵਾਂ ਮੁਹੱਈਆ ਕਰਾਉਣਾ ਜੋ ਉਨ੍ਹਾਂ ਲੋਕਾਂ ਦੀ ਮਦਦ ਕਰਨ ਜਿਨ੍ਹਾਂ ਨੂੰ ਨਕਦੀ ਨਾਲ ਡਿਜੀਟਲ ਬੈਂਕਿੰਗ ਵਿੱਚ ਬਦਲਾਅ ਬਾਰੇ ਕੋਈ ਅਨੁਭਵ ਨਹੀਂ ਹੈ।

## ਇਸ ਤਰ੍ਹਾਂ ਹੋਈ ਡਾਕ ਬੈਂਕਿੰਗ ਸੇਵਾਵਾਂ ਦੀ ਸ਼ੁਰੂਆਤ

ਸਾਲ ਸੀ 1833, ਜਦੋਂ ਕਲਕੱਤਾ (ਹੁਣ ਕੋਲਕਾਤਾ) ਵਿੱਚ ਦੇਸ਼ ਦਾ ਪਹਿਲਾ ਸਰਕਾਰੀ ਬੱਚਤ ਬੈਂਕ ਖੋਲ੍ਹਿਆ ਗਿਆ ਸੀ। ਇਸ ਤੋਂ ਬਾਅਦ, ਡਿਸਟ੍ਰਿਕਟ ਬੈਂਕ, ਪ੍ਰੈਜ਼ੀਡੈਂਸੀ ਬੈਂਕ, ਰੇਲਵੇ ਬੈਂਕ ਅਤੇ ਰੈਜੀਮੈਂਟਲ ਬੈਂਕ ਜਿਹੇ ਹੋਰ ਕਈ ਸਰਕਾਰੀ ਬੈਂਕ ਖੋਲ੍ਹੇ ਗਏ। ਬਾਅਦ ਵਿੱਚ, 1873 ਵਿੱਚ ਬੱਚਤ ਬੈਂਕ ਐਕਟ ਲਾਗੂ ਕੀਤਾ ਗਿਆ ਜਿਸ ਨਾਲ ਇਸ ਯੋਜਨਾ ਦਾ ਇੱਕ ਕਾਨੂੰਨੀ ਫ਼ਰੇਮਵਰਕ ਤਿਆਰ ਹੋ ਗਿਆ।ਪੋਸਟ ਆਫ਼ਿਸ ਬੱਚਤ ਬੈਂਕ ਨੇ ਇੱਕ ਅਪ੍ਰੈਲ 1882 ਤੋਂ ਕੰਮ ਕਰਨਾ ਸ਼ੁਰੂ ਕੀਤਾ ਅਤੇ ਇਸ ਤੋਂ ਬਾਅਦ ਲੜੀਵਾਰ ਤਰੀਕੇ ਨਾਲ ਉਪਰੋਕਤ ਸਾਰੇ ਬੈਂਕਾਂ ਦਾ ਪੋਸਟ ਆਫ਼ਿਸ ਬੱਚਤ ਬੈਂਕ ਵਿੱਚ ਮਰਜਰ ਹੋ ਗਿਆ। 1947 ਵਿੱਚ ਆਜ਼ਾਦੀ ਤੋਂ ਬਾਅਦ ਤਤਕਾਲੀਨ ਸਰਕਾਰ ਨੂੰ ਲਗਿਆ ਕਿ ਬੱਚਤ ਗਤੀਵਿਧੀ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ ਅਤੇ ਇਸ ਤੋਂ ਬਾਅਦ 1948 ਵਿੱਚ ਰਾਸ਼ਟਰੀ ਬੱਚਤ ਸੰਗਠਨ ਐਨਐੱਸਓ (ਹੁਣ ਐੱਨਐੱਸਆਈ) ਦਾ ਗਠਨ ਕੀਤਾ ਗਿਆ। ਭਾਰਤ ਵਿੱਚ ਇਹ ਡਾਕ ਘਰ ਬੈਂਕਿੰਗ ਦੀ ਸ਼ੁਰੂਆਤ ਸੀ ਤਾਂ ਇੰਡੀਆ ਪੋਸਟ ਪੇਮੈਂਟ ਬੈਂਕ ਨੇ ਡਾਕ ਘਰ ਬੈਂਕਿੰਗ ਦੇ ਪੱਧਰ ਨੂੰ ਸਭ ਤੋਂ ਉੱਚੇ ਮੁਕਾਮ ਤੱਕ ਪਹੁੰਚਾਉਣ ਦਾ ਕੰਮ ਕੀਤਾ ਹੈ।

## ਤੁਸੀਂ ਇਸ ਤਰ੍ਹਾਂ ਲੈ ਸਕਦੇ ਹੋ ਲਾਭ ..

ਇੰਡੀਆ ਪੋਸਟ ਪੇਮੈਂਟ ਦੇ ਮੋਬਾਈਲ ਐਪ ਦੇ ਜ਼ਰੀਏ ਵੀ ਤੁਸੀਂ ਆਪਣਾ ਖਾਤਾ ਖੁਲ੍ਹਵਾ ਸਕਦੇ ਹੋ। ਇਸ ਤੋਂ ਇਲਾਵਾ ਨਜ਼ਦੀਕੀ ਡਾਕ ਘਰ ਵਿੱਚ ਜਾ ਕੇ ਵੀ ਖਾਤਾ ਖੁਲ੍ਹਵਾਇਆ ਜਾ ਸਕਦਾ ਹੈ।

## ਤੁਹਾਡੀ ਬੱਚਤ, ਤੁਹਾਡੀ ਸੁਰੱਖਿਆ

- **ਡਾਕ ਘਰ ਬੱਚਤ ਖਾਤਾ(ਐੱਸਬੀ):** ਸਿਰਫ500 ਰੁਪਏ ਨਾਲ ਸ਼ੁਰੂਆਤ ਕਰਕੇ ਤੁਸੀਂ ਡਾਕ ਘਰ ਵਿੱਚ ਬੱਚਤ ਖਾਤਾ ਖੋਲ੍ਹ ਸਕਦੇ ਹੋ।
- **5 ਸਾਲਾ ਡਾਕ ਘਰ ਆਵਰਤੀ ਜਮ੍ਹਾਂ ਖਾਤਾ (ਆਰਡੀ):** ਛੋਟੀ ਬੱਚਤ ਦਾ ਵੱਡਾ ਸਹਾਰਾ।5 ਸਾਲ ਦੇ ਮਚਿਓਰਿਟੀ ਪੀਰੀਅਡ ਦੇ ਲਈ ਘੱਟੋ ਘੱਟ 100 ਰੁਪਏ ਪ੍ਰਤੀ ਮਹੀਨੇ 'ਤੇ ਡਾਕ ਘਰ ਆਰਡੀ ਦੀ ਸੁਵਿਧਾ ਦਿੰਦਾ ਹੈ।
- **ਡਾਕ ਘਰ ਟਾਈਮ ਡਿਪਾਜ਼ਿਟ ਖਾਤਾ (ਟੀਡੀ):** ਡਾਕ ਘਰ ਵਿੱਚ ਟਾਈਮ ਡਿਪਾਜ਼ਿਟ ਅਕਾਊਂਟ ਘੱਟ ਤੋਂ ਘੱਟ 1000 ਰੁਪਏ ਨਾਲ ਖੋਲ੍ਹਿਆ ਜਾ ਸਕਦਾ ਹੈ। ਇਸ ਸਕੀਮ ਵਿੱਚ 5 ਸਾਲ ਦੇ ਲਈ ਕੀਤੇ ਗਏ ਨਿਵੇਸ਼ 'ਤੇ ਟੈਕਸ ਛੂਟ 80 ਸੀ ਦੇ ਤਹਿਤ ਲਈ ਜਾ ਸਕਦੀ ਹੈ।
- **ਰਾਸ਼ਟਰੀ ਬੱਚਤ ਮਾਸਿਕ ਆਮਦਨ ਖਾਤਾ (ਐੱਮਆਈਐੱਸ):** 1000 ਦੇ ਗੁਣਕ ਵਿੱਚ ਪ੍ਰਤੀ ਮਹੀਨਾ ਰੁਪਏ ਜਮ੍ਹਾਂ ਕੀਤੇ ਜਾ ਸਕਦੇ ਹਨ। ਇਸ 'ਤੇ 6.6% ਦੀ ਦਰ ਨਾਲ ਵਿਆਜ ਮਿਲਦਾ ਹੈ।
- **ਬਜ਼ੁਰਗ ਨਾਗਰਿਕ ਬੱਚਤ ਯੋਜਨਾ ਖਾਤਾ:** 60 ਤੋਂ ਉਪਰ ਕੋਈ ਵੀ ਵਿਅਕਤੀ ਜਾਂ 55 ਤੋਂ 60 ਸਾਲ ਦੇ ਵਿੱਚ ਰਿਟਾਇਰਡ ਸਰਕਾਰੀ ਕਰਮਚਾਰੀ ਖਾਤਾ ਖੋਲ੍ਹ ਸਕਦਾ ਹੈ। ਇਸ 'ਤੇ 7.4% ਵਿਆਜ ਮਿਲਦਾ ਹੈ।
- **ਪਬਲਿਕ ਪ੍ਰੋਵੀਡੈਂਟ ਫੰਡ ਅਕਾਊਂਟ:** ਇੱਕ ਵਿੱਤ ਵਰ੍ਹੇ ਵਿੱਚ ਘੱਟ ਤੋਂ ਘੱਟ 500 ਅਤੇ ਜ਼ਿਆਦਾ ਤੋਂ ਜ਼ਿਆਦਾ 1,50,000 ਰੁਪਏ ਜਮ੍ਹਾਂ ਕਰ ਸਕਦੇ ਹਨ। ਇਸ 'ਤੇ 80 ਸੀ ਦੇ ਤਹਿਤ ਟੈਕਸ ਛੂਟ ਦਾ ਲਾਭ ਮਿਲਦਾ ਹੈ।
- **ਸੁਕੰਨਿਆ ਸਮ੍ਰਿੱਧੀ ਖਾਤਾ:** ਵਿੱਤ ਵਰ੍ਹੇ ਵਿੱਚ ਘੱਟੋ-ਘੱਟ 250 ਅਤੇ ਜ਼ਿਆਦਾ ਤੋਂ ਜ਼ਿਆਦਾ 1,50,000 ਰੁਪਏ ਜਮ੍ਹਾਂ ਕਰ ਸਕਦੇ ਹਨ। ਟੈਕਸ ਛੂਟ ਦਾ ਲਾਭ ਮਿਲੇਗਾ।
- **ਰਾਸ਼ਟਰੀ ਬੱਚਤ ਪ੍ਰਮਾਣ ਪੱਤਰ:** ਜਿਸ ਵਿੱਚ ਨਿਵੇਸ਼ ਦੀ ਕੋਈ ਉੱਪਰਲੀ ਹੱਦ ਨਹੀਂ ਹੈ। ਮਚਿਓਰਿਟੀ ਮਿਆਦ 5 ਸਾਲ ਹੈ।
- **ਕਿਸਾਨ ਵਿਕਾਸ ਪੱਤਰ:** ਕੋਈ ਵੀ ਵਿਅਕਤੀ ਘੱਟੋ ਘੱਟ 1000 ਰੁਪਏ ਨਿਵੇਸ਼ ਕਰ ਸਕਦਾ ਹੈ। 124 ਮਹੀਨਿਆਂ ਤੋਂ ਬਾਅਦ ਤੁਹਾਨੂੰ 6.9% ਦੀ ਦਰ ਦੇ ਨਾਲ ਨਿਵੇਸ਼ ਦੀ ਰਕਮ ਦੁੱਗਣੀ ਕਰਕੇ ਦਿੱਤੀ ਜਾਵੇਗੀ।
- **ਵੈਸਟਰਨ ਯੂਨੀਅਨ ਮਨੀ ਟਰਾਂਸਫਰ ਸਰਵਿਸ:** ਔਨਲਾਈਨ ਰਕਮ ਭੇਜਣ ਜਾਂ ਮੰਗਵਾਉਣ ਦੀ ਸੁਵਿਧਾ।
- ਇਸ ਤੋਂ ਇਲਾਵਾ ਡਾਕ ਘਰ ਵਿੱਚ ਲੰਬੀ ਮਿਆਦ ਦੀ ਨਿਵੇਸ਼ ਯੋਜਨਾ ਯੂਟੀਆਈ ਦੇ ਨਾਲ ਨੈਸ਼ਨਲ ਪੈਨਸ਼ਨ ਸਕੀਮ ਅਤੇ ਦੁਰਘਟਨਾ ਬੀਮਾ ਯੋਜਨਾ ਜਨ ਸੁਰੱਖਿਆ ਦਾ ਲਾਭ ਵੀ ਉਠਾਇਆ ਜਾ ਸਕਦਾ ਹੈ। ●




# ਸੁਵਿਧਾਵਾਂ ਦੇ ਰਾਜਮਾਰਗ




**ਰਾਜਮਾਰਗ ਨਿਰਮਾਣ ਦੀ ਗਤੀ ਹੋਵੇ ਜਾਂ ਉਸ ਦੇ ਕਿਨਾਰੇ ਯਾਤਰੀਆਂ - ਟ੍ਰੱਕ ਡਰਾਈਵਰਾਂ ਦੇ ਅਨੁਕੂਲ ਸੁਵਿਧਾਵਾਂ ਦਾ ਵਿਕਾਸ ਇਨਫ੍ਰਾਸਟ੍ਰਕਚਰ ਨੂੰ ਨਵਾਂ ਰੂਪ ਦੇਣਾ ਜਾਂ ਫਿਰ ਟੂਰਿਸਟ ਵਾਹਨਾਂ ਦੇ ਲਈ ਇੱਕ ਦੇਸ਼ - ਇੱਕ ਵਿਵਸਥਾ ਦੀ ਪਹਿਲ, ਕੇਂਦਰ ਸਰਕਾਰ ਵਿਕਾਸ ਦੀ ਪ੍ਰਤੀਬੱਧਤਾ ਨੂੰ ਹੁਣ ਨਵੇਂ - ਨਵੇਂ ਆਯਾਮ ਦੇ ਰਹੀ ਹੈ ਤਾਕਿ ਜਨ-ਜੀਵਨ ਨੂੰ ਮਿਲੇ ਸਹੂਲਤ ਅਤੇ ਪੈਦਾ ਹੋਣ ਰੋਜ਼ਗਾਰ ਦੇ ਨਵੇਂ ਅਵਸਰ**

ਰਾਜਮਾਰਗ 'ਤੇ ਅਕਸਰ ਸਫਰ ਕਰਨ ਵਾਲੀ ਇੰਦੂ ਕਹਿੰਦੀ ਹੈ, "ਥੋੜ੍ਹੀ-ਥੋੜ੍ਹੀ ਦੂਰੀ 'ਤੇ ਟਾਇਲਟ ਹੋਣਾ ਚਾਹੀਦਾ ਹੈ।" ਜਦਕਿ ਅਜਿਹੇ ਹੀ ਯਾਤਰੀ ਯਦੁਵੀਰ ਸਿੰਘ ਠਹਿਰਨ ਦੀ ਵਿਵਸਥਾ, ਤਾਂ ਹੁਸੈਨ ਅੱਬਾਸ ਰਸਤੇ ਵਿੱਚ ਹੋਟਲਾਂ ਅਤੇ ਖਾਣ-ਪੀਣ ਦੀ ਸਾਫ-ਸੁਥਰੀ ਵਿਵਸਥਾ ਚਾਹੁੰਦੇ ਹਨ। ਸੜਕ ਮਾਰਗ 'ਤੇ ਆਪਣੇ ਜਾਂ ਟੂਰਿਸਟ ਵਾਹਨ ਨਾਲ ਯਾਤਰਾ ਕਰਨ ਵਾਲੇ ਇਨ੍ਹਾਂ ਯਾਤਰੀਆਂ ਤੋਂ ਅਲੱਗ ਟ੍ਰੱਕ ਡਰਾਈਵਰ ਹਰੀ ਰਾਮ ਕਹਿੰਦੇ ਹਨ ਕਿ ਟਰੱਕਾਂ ਵਿੱਚ ਮਾਲ ਢੋਂਦੇ ਸਮੇਂ ਉਨ੍ਹਾਂ ਨੂੰ ਇੱਕ ਰਾਜ ਤੋਂ ਦੂਜੇ ਰਾਜ ਜਾਂਦੇ ਸਮੇਂ ਕਈ ਰਾਤਾਂ ਦਾ ਸਫਰ ਕੱਟਣਾ ਪੈਂਦਾ ਹੈ। ਅਜਿਹੇ ਵਿੱਚ ਉਹ ਚਾਹੁੰਦੇ ਹਨ, "ਹਾਈ-ਵੇਜ਼ ਕਿਨਾਰੇ ਖਾਣ-ਪੀਣ, ਨਹਾਉਣ– ਧੋਣ, ਗੱਡੀ ਰੱਖਣ ਅਤੇ 4-5 ਘੰਟੇ ਸਕੂਨ ਨਾਲ ਰਹਿਣ ਦੀ ਵਿਵਸਥਾ ਹੋਣੀ ਚਾਹੀਦੀ ਹੈ।"ਇੱਕ ਹੋਰ ਟਰੱਕ ਡਰਾਈਵਰ ਜਿਤੇਂਦਰ ਚੌਹਾਨ ਇਸ ਵਿੱਚ ਜੋੜਦੇ ਹਨ ਕਿ ਹਰ 40-60 ਕਿਲੋਮੀਟਰ ਦੀ ਦੂਰੀ 'ਤੇ ਅਜਿਹੀ ਵਿਵਸਥਾ ਬਣਾਈ ਜਾਵੇ ਤਾਂ ਚੰਗਾ ਰਹੇਗਾ।

ਹੁਣ ਇੰਦੂ, ਯਦੁਵੀਰ ਜਿਹੇ ਯਾਤਰੀਆਂ ਅਤੇ ਹਰੀ ਰਾਮ, ਜਿਤੇਂਦਰ ਜਿਹੇ ਟਰੱਕ ਡਰਾਈਵਰਾਂ ਦਾ ਸੁਪਨਾ ਸਾਕਾਰ ਹੋਣ ਜਾ ਰਿਹਾ ਹੈ ਕਿਉਂਕਿ ਐੱਨਐੱਚਏਆਈ ਦੀ ਅਗਲੀ ਪਹਿਲ ਵਿੱਚ ਵਿਅਕਤੀਗਤ ਵਾਹਨ ਚਾਲਕਾਂ, ਟ੍ਰੱਕ ਚਾਲਕਾਂ ਅਤੇ ਸਹਾਇਕ ਚਾਲਕਾਂ ਦੇ ਲਈ ਵਿਸ਼ਵ ਪੱਧਰੀ ਸੁਵਿਧਾਵਾਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ। ਇਸ ਦੇ ਲਈ ਨਵੇਂ ਵਿਸ਼ਵ ਪੱਧਰੀ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਯੋਜਨਾ ਬਣਾਈ ਗਈ ਹੈ। ਜਿਸ ਦੇ ਮੁਤਾਬਕ ਹਰ 40 ਤੋਂ 60 ਕਿਲੋਮੀਟਰ ਦੇ ਫ਼ਰਕ 'ਤੇ ਰਾਜਮਾਰਗਾਂ ਦੇ ਕਿਨਾਰੇ ਜਨ ਸੁਵਿਧਾਵਾਂ ਨੂੰ ਵਿਕਸਿਤ ਕਰਨ ਦਾ ਪ੍ਰਾਵਧਾਨ ਹੈ। ਐੱਨਐੱਚਏਆਈ ਸਾਰੇ ਪ੍ਰਮੁੱਖ ਟ੍ਰੱਕਿੰਗ ਕੋਰੀਡੋਰ ਅਤੇ ਗ੍ਰੀਨ ਫੀਲਡ ਐਕਸਪ੍ਰੈੱਸ ਵੇਜ਼ ਨੂੰ ਕਵਰ ਕਰਦੇ ਹੋਏ ਸੜਕ ਕਿਨਾਰਿਆਂ ਦੀਆਂ ਜਨ ਸੁਵਿਧਾਵਾਂ ਦਾ ਇੱਕ ਰਾਸ਼ਟਰਵਿਆਪੀ ਗ੍ਰਿੱਡ ਵਿਕਸਿਤ ਕਰ ਰਿਹਾ ਹੈ। ਇਨ੍ਹਾਂ ਸੁਵਿਧਾਵਾਂ ਵਿੱਚ ਪੈਟਰੋਲ ਪੰਪ, ਫੂਡ ਕੋਰਟ, ਰੈਸਤੋਰਾਂ, ਢਾਬੇ, ਦੁਕਾਨਾਂ, ਮੈਡੀਕਲ ਸੁਵਿਧਾਵਾਂ, ਸਥਾਨਕ ਹਾਟ - ਬਜ਼ਾਰ ਅਤੇ ਸਵੱਛ ਪਖਾਨੇ ਸ਼ਾਮਲ ਹਨ। ਅਗਲੇ ਪੰਜ ਸਾਲਾਂ ਵਿੱਚ 600

## ਤਿੰਨ ਗੁਣਾ ਰਫਤਾਰ ਨਾਲ ਰਾਜਮਾਰਗ ਦਾ ਹੋ ਰਿਹਾ ਨਿਰਮਾਣ



ਹੁਣ ਪ੍ਰਤੀ ਦਿਨ 34 ਕਿਲੋਮੀਟਰ ਰਾਸ਼ਟਰੀ ਰਾਜਮਾਰਗ ਦਾ ਨਿਰਮਾਣ ਹੋ ਰਿਹਾ ਹੈ। ਜਦਕਿ 2014 ਵਿੱਚ ਇਹ ਦਰ ਮਹਿਜ਼ 12 ਕਿਲੋਮੀਟਰ ਪ੍ਰਤੀ ਦਿਨ ਸੀ।ਇੰਨਾ ਹੀ ਨਹੀਂ, ਵਿੱਤ ਵਰ੍ਹੇ 2020-21 ਵਿੱਚ 12,205 ਤੋਂ ਜ਼ਿਆਦਾ ਕਿਲੋਮੀਟਰ ਰਾਜਮਾਰਗ ਦਾ ਨਿਰਮਾਣ ਕਰਕੇ ਦੇਸ਼ ਨੇ ਇੱਕ ਹੋਰ ਮੀਲ ਪੱਥਰ ਪਾਰ ਕੀਤਾ ਹੈ।ਜਦਕਿ ਇਸ ਸਾਲ ਦੇ ਲਈ ਟੀਚਾ ਮਹਿਜ਼ 11 ਕਿਲੋਮੀਟਰ ਦਾ ਸੀ, ਉਸ ਨਾਲ 1205 ਕਿਲੋਮੀਟਰ ਜ਼ਿਆਦਾ ਸੜਕਾਂ ਸਮੇਂ ਤੋਂ ਪਹਿਲਾਂ (22 ਮਾਰਚ ਤੱਕ) ਬਣਾ ਕੇ ਰਿਕਾਰਡ ਸਥਾਪਿਤ ਕੀਤਾ ਹੈ।

## 18 ਘੰਟੇ ਵਿੱਚ 25 ਕਿਲੋਮੀਟਰ ਰਾਜਮਾਰਗ, ਲਿਮਕਾ ਬੁੱਕ ਵਿੱਚ ਦਰਜ



ਇਨਫ੍ਰਾਸਟ੍ਰਕਚਰ ਵਿਕਾਸ ਦੇ ਦੇਸ਼ ਭਰ ਵਿੱਚ ਚਲ ਰਹੇ ਕਾਰਜਾਂ ਦੇ ਦਰਮਿਆਨ ਰਾਸ਼ਟਰੀ ਰਾਜਮਾਰਗ ਦੇ ਨਿਰਮਾਣ ਵਿੱਚ ਦੇਸ਼ ਨੇ ਅਨੋਖਾ ਰਿਕਾਰਡ ਸਥਾਪਿਤ ਕੀਤਾ ਹੈ। ਇਹ ਰਿਕਾਰਡ ਫੋਰ ਲੇਨ ਵਿੱਚ ਸ਼ੋਲਾਪੁਰ-ਬੀਜਾਪੁਰ ਦੇ ਕਰੀਬ ਇੱਕ ਲੇਨ ਵਿੱਚ 25.5 ਕਿਲੋਮੀਟਰ ਰਾਜਮਾਰਗ ਦਾ ਨਿਰਮਾਣ 18 ਘੰਟਿਆਂ ਵਿੱਚ ਪੂਰਾ ਕਰਕੇ ਸਥਾਪਿਤ ਕੀਤਾ ਗਿਆ ਹੈ। ਐੱਨਐੱਚਏਆਈ ਦੀ ਉਸ ਉਪਲਬਧੀ ਨੂੰ ਲਿਮਕਾ ਬੁੱਕ ਆਵ੍ ਰਿਕਾਰਡ ਵਿੱਚ ਦਰਜ ਕੀਤਾ ਗਿਆ ਹੈ। 110 ਕਿਲੋਮੀਟਰ ਲੰਬੇ ਰਾਜਮਾਰਗ ਦਾ ਉਦਘਾਟਨ ਪਿਛਲੇ ਸਾਲ ਹੀ ਹੋਇਆ ਸੀ।

## ਯਾਤਰਾ ਅਤੇ ਟੂਰਿਜ਼ਮ ਨੂੰ ਹੁਲਾਰਾ



ਕਿਸੇ ਰਾਜ ਦੀ ਹੱਦ ਵਿੱਚ ਦਾਖ਼ਲੇ ’ਤੇ ਟੂਰਿਸਟ ਵਾਹਨ ਨੂੰ ਟੈਕਸ ਅਦਾ ਕਰਨ ਵਿੱਚ ਦੇਰੀ ਹੁੰਦੀ ਸੀ। ਲੇਕਿਨ ਹੁਣ ਕੇਂਦਰ ਸਰਕਾਰ ਦੀ ਇੱਕ ਦੇਸ਼, ਇੱਕ ਵਿਵਸਥਾ ਦੀ ਦਿਸ਼ਾ ਵਿੱਚ ਵੱਡੀ ਪਹਿਲ ਹੋਈ ਹੈ। ਇਸ ਦੇ ਲਈ ਸਰਬ ਭਾਰਤੀ ਟੂਰਿਸਟ ਵਾਹਨ ਪਰਮਿਟ ਰੂਲ 1 ਅਪ੍ਰੈਲ ਤੋਂ ਲਾਗੂ ਹੋਇਆ ਹੈ। ਇਸ ਦੇ ਤਹਿਤ ਟੂਰਿਸਟ ਵਾਹਨ ਸੰਚਾਲਕ ਹੁਣ ਔਨਲਾਈਨ ਮੋਡ ਦੇ ਜ਼ਰੀਏ ਆਲ ਇੰਡੀਆ ਟੂਰਿਸਟ ਪਰਮਿਟ ਦੇ ਲਈ ਅਰਜ਼ੀ ਦੇ ਸਕਣਗੇ। ਇੱਕ ਵਾਰ ਵਿੱਚ ਤਿੰਨ ਸਾਲ ਤੱਕ ਦੇ ਲਈ ਵੀ ਮਨਜ਼ੂਰੀ ਦਿੱਤੀ ਜਾ ਸਕਦੀ ਹੈ।



**ਐੱਨਐੱਚਏਆਈ ਅਗਲੇ ਪੰਜ ਸਾਲਾਂ ਵਿੱਚ ਦੇਸ਼ ਦੀਆਂ 600 ਤੋਂ ਜ਼ਿਆਦਾ ਥਾਵਾਂ ’ਤੇ ਰਾਜਮਾਰਗਾਂ ਦੇ ਕਿਨਾਰੇ ਯਾਤਰੀਆਂ ਨਾਲ ਜੁੜੀਆਂ ਜਨ ਸੁਵਿਧਾਵਾਂ ਨੂੰ ਵਿਕਸਿਤ ਕਰਨ ਜਾ ਰਿਹਾ ਹੈ, ਜੋ ਲੱਖਾਂ ਲੋਕਾਂ ਦੇ ਲਈ ਇੱਕ ਨਵਾਂ ਅਵਸਰ ਪੈਦਾ ਕਰੇਗਾ ਅਤੇ ਯਾਤਰੀਆਂ ਦੀ ਯਾਤਰਾ ਨੂੰ ਅਸਾਨ ਬਣਾਉਣ ਦੇ ਨਾਲ-ਨਾਲ ਟ੍ਰੱਕ ਡਰਾਈਵਰਾਂ ਦੇ ਜੀਵਨ ਨੂੰ ਸੁਧਾਰੇਗਾ। - ਨਿਤਿਨ ਗਡਕਰੀ, ਕੇਂਦਰੀ ਰੋਡ ਟਰਾਂਸਪੋਰਟ ਅਤੇ ਰਾਜਮਾਰਗ ਮੰਤਰੀ**

ਤੋਂ ਜ਼ਿਆਦਾ ਥਾਵਾਂ ’ਤੇ ਇਸ ਤਰ੍ਹਾਂ ਦੀਆਂ ਸੁਵਿਧਾਵਾਂ ਵਿਕਸਿਤ ਕੀਤੀਆਂ ਜਾਣੀਆਂ ਹਨ। ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਿਟੀ (ਐੱਨਐੱਚਏਆਈ) ਦੇਸ਼ ਦੇ ਇੱਕ ਸਭ ਤੋਂ ਵੱਡੇ ਬੁਨਿਆਦੀ ਢਾਂਚਾ ਵਿਕਾਸ ਪ੍ਰੋਗਰਾਮ ‘ਭਾਰਤਮਾਲਾ ਪਰਿਯੋਜਨਾ’ ਦਾ ਸੰਚਾਲਨ ਕਰ ਰਹੀ ਹੈ,ਜਿਸ ਦੇ ਤਹਿਤ ਦੇਸ਼ ਵਿੱਚ ਕਈ ਹਾਈਵੇਜ਼ ਅਤੇ ਐਕਸਪ੍ਰੈੱਸ-ਵੇਜ਼ ਵਿਕਸਿਤ ਕੀਤੇ ਜਾ ਰਹੇ ਹਨ। ਕੇਂਦਰ ਸਰਕਾਰ ਇਨ੍ਹਾਂ ਸੁਵਿਧਾਵਾਂ ਦਾ ਵੀ ਵਿਕਾਸ 5,35,500 ਕਰੋੜ ਰੁਪਏ ਦੀ ਲਾਗਤ ਵਾਲੀ ਭਾਰਤਮਾਲਾ ਪਰਿਯੋਜਨਾ ਦੇ ਤਹਿਤ ਹੀ ਕਰ ਰਹੀ ਹੈ।

**ਚਾਰੇ ਦਿਸ਼ਾਵਾਂ ਵਿੱਚ ਸੁਵਿਧਾਵਾਂ ਦਾ ਹੋਵੇਗਾ ਵਿਕਾਸ:** ਇਸ ਤਰ੍ਹਾਂ ਦੀਆਂ ਸੁਵਿਧਾਵਾਂ ਦਾ ਵਿਕਾਸ 3 ਹਜ਼ਾਰ ਤੋਂ ਜ਼ਿਆਦਾ ਹੈਕਟੇਅਰ ਵਿੱਚ ਕੀਤਾ ਜਾਣਾ ਹੈ। ਇਸ ਵਿੱਚ ਉੱਤਰ ਵਿੱਚ 67, ਪੂਰਬ ਵਿੱਚ 40, ਪੱਛਮ ਵਿੱਚ 29, ਦੱਖਣ ਵਿੱਚ 45, ਦਿੱਲੀ-ਮੁੰਬਈ ਐਕਸਪ੍ਰੈੱਸਵੇ ’ਤੇ 94, ਗ੍ਰੀਨਫੀਲਡ ਐਕਸਪ੍ਰੈੱਸਵੇ-ਹਾਈਵੇ ’ਤੇ 376 ਥਾਵਾਂ ਸ਼ਨਾਖਤ ਕੀਤੀਆਂ ਗਈਆਂ ਹਨ।

**ਟ੍ਰੱਕ ਡਰਾਈਵਰਾਂ ਦੇ ਲਈ ਡਾਰਮੈਟਰੀ:** ਟ੍ਰੱਕ ਡਰਾਈਵਰਾਂ ਦੇ ਲਈ ਆਪਣੇ ਟ੍ਰੱਕ ’ਤੇ ਲੱਦੇ ਮਾਲ ਦੀ ਚਿੰਤਾ ਕੀਤੇ ਬਿਨਾ ਅਰਾਮ ਕਰਨ ਦੀ ਸੁਵਿਧਾ ਉਨ੍ਹਾਂ ਦੀ ਯਾਤਰਾ ਨੂੰ ਹੋਰ ਅਸਾਨ ਬਣਾਏਗੀ ਕਿਉਂਕਿ ਇਸ ਦੇ ਲਈ ਡਾਰਮੈਟਰੀ ਵੀ ਬਣੇਗੀ। ਕੁਝ ਵੱਡੀਆਂ ਥਾਵਾਂ ’ਤੇ ਐਮਰਜੈਂਸੀ ਦੇ ਲਈ ਹੈਲੀਪੈਡ ਦੀ ਵੀ ਸੁਵਿਧਾ ਹੋਵੇਗੀ।

**ਸਥਾਨਕ ਕਲਾ ਨੂੰ ਮਿਲੇਗਾ ਹੁਲਾਰਾ:** ਹਾਟ-ਬਜ਼ਾਰਾਂ ਦੇ ਵਿਕਾਸ ਨਾਲ ਸਥਾਨਕ ਕਾਰੋਬਾਰੀਆਂ ਨੂੰ ਆਪਣੀਆਂ ਸਥਾਨਕ ਕਲਾਕ੍ਰਿਤੀਆਂ ਦਾ ਪ੍ਰਦਰਸ਼ਨ ਅਤੇ ਵਿਕਰੀ ਕਰਨ ਦਾ ਮੌਕਾ ਮਿਲੇਗਾ। ਜਿਸ ਨਾਲ ਪੂਰੇ ਹਸਤਕਲਾ ਅਤੇ ਕੁਟੀਰ ਉਦਯੋਗ ਨੂੰ ਵੀ ਹੁਲਾਰਾ ਮਿਲੇਗਾ।

**ਕਾਰੋਬਾਰੀਆਂ ਨੂੰ ਰਿਆਇਤਾਂ:** ਪਰਿਯੋਜਨਾ ਵਿੱਚ ਸ਼ਾਮਲ ਹੋਣ ਦੀ ਯੋਗਤਾ ਦੇ ਮਾਪਦੰਡ ਵਿੱਚ ਢਾਬੇ ਅਤੇ ਰੈਸਤੋਰਾਂ, ਫਿਊਲ ਸਟੇਸ਼ਨ ਮਾਲਕਾਂ, ਹੋਟਲ ਅਤੇ ਮੋਟਰ ਅਪਰੇਟਰਾਂ ਆਦਿ ਦੇ ਨਾਲ ਹੀ ਵਿਭਿੰਨ ਕਾਰੋਬਾਰੀਆਂ ਦੀ ਭਾਗੀਦਾਰੀ ਨੂੰ ਪ੍ਰੋਤਸਾਹਿਤ ਕਰਨ ਦੇ ਲਈ ਹੁਣ ਲੋੜੀਂਦੀਆਂ ਰਿਆਇਤਾਂ ਵੀ ਦਿੱਤੀਆਂ ਗਈਆਂ ਹਨ।

ਅਰਾਮਦਾਇਕ ਸਫਰ ਵਿੱਚ ਅਜਿਹੀਆਂ ਲੋੜੀਂਦੀਆਂ ਸੁਵਿਧਾਵਾਂ ਵਿੱਚ ਕਮੀ ਨਾ ਸਿਰਫ਼ ਯਾਤਰਾ ਦੇ ਆਨੰਦ ਨੂੰ ਘੱਟ ਕਰਦੀ ਹੈ,ਬਲਕਿ ਵਿਕਾਸ ਦੀ ਰਫਤਾਰ ਨੂੰ ਵੀ ਤੇਜ਼ੀ ਦਿੰਦੀ ਹੈ। ਅਜਿਹੇ ਵਿੱਚ ਕੇਂਦਰੀ ਰੋਡ ਟਰਾਂਸਪੋਰਟ ਅਤੇ ਰਾਜਮਾਰਗ ਮੰਤਰਾਲੇ ਦੀ ਇਹ ਯੋਜਨਾ ਆਤਮਨਿਰਭਰ ਭਾਰਤ ਅਭਿਯਾਨ ਵਿੱਚ ਮਹੱਤਵਪੂਰਨ ਸਾਬਤ ਹੋਵੇਗੀ। ●




# ਚਿਰੰਜੀਵੀ

## ਭਾਰਤ-ਬੰਗਲਾਦੇਸ਼ ਮੈਤ੍ਰੀ

**ਸਾਂਝੀ ਇਤਿਹਾਸਿਕ ਵਿਰਾਸਤ, ਭਾਸ਼ਾਈ-ਸੱਭਿਆਚਾਰਕ ਰਿਸ਼ਤੇ, ਸੰਗੀਤ, ਸਾਹਿਤ ਅਤੇ ਕਲਾ ਲਈ ਲਗਾਅ, ਭਾਰਤ-ਬੰਗਲਾਦੇਸ਼ ਦੇ ਦਰਮਿਆਨ ਦੁਵੱਲੇ ਸਬੰਧਾਂ ਦਾ ਅਹਿਮ ਅਧਾਰ ਹੈ। ਹੁਣ ਬੰਗਲਾਦੇਸ਼ ਦੇ ਰਾਸ਼ਟਰਪਿਤਾ ਸ਼ੇਖ ਮੁਜੀਬੁਰ ਰਹਿਮਾਨ ਦੇ ਜਨਮ ਸ਼ਤਾਬਦੀ ਸਾਲ, ਬੰਗਲਾਦੇਸ਼ ਦੀ ਆਜ਼ਾਦੀ ਅਤੇ ਭਾਰਤ ਨਾਲ ਉਸ ਦੇ ਸਬੰਧਾਂ ਦੀ 50ਵੀਂ ਵਰ੍ਹੇਗੰਢ ਦੇ ਮੌਕੇ ’ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ 26-27 ਮਾਰਚ ਨੂੰ ਢਾਕਾ ਯਾਤਰਾ ਨਾਲ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਨਵੇਂ ਯੁਗ ਦੀ ਹੋਈ ਸ਼ੁਰੂਆਤ, ਜਿੱਥੇ ਪ੍ਰਧਾਨ ਮੰਤਰੀ ਨੇ ਦਿੱਤਾ ਸੰਦੇਸ਼- “ਭਾਰੋਤ ਬਾਂਗਲਾਦੇਸ਼ ਮੋਈਤ੍ਰੀ ਚਿਰੋਜੀਬਿ ਹੋਖ।”**

ਇੱਕ ਅਲੱਗ ਸੁਤੰਤਰ ਦੇਸ਼ ਦੇ ਰੂਪ ਵਿੱਚ ਦਸੰਬਰ 1971 ਵਿੱਚ ਦੁਨੀਆ ਦੇ ਨਕਸ਼ੇ ’ਤੇ ਉੱਭਰਨ ਵਾਲੇ ਬੰਗਲਾਦੇਸ਼ ਨੂੰ ਮਾਨਤਾ ਦੇਣ ਵਾਲਾ ਭਾਰਤ ਪਹਿਲਾ ਦੇਸ਼ ਸੀ। ਬੰਗਲਾਦੇਸ਼ ਦੇ ਵਿਕਾਸ ਵਿੱਚ ਭਾਰਤ ਹਰ ਤਰ੍ਹਾਂ ਨਾਲ ਮਦਦਗਾਰ ਗੁਆਂਢੀ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ, ਲੇਕਿਨ ਕੋਰੋਨਾ ਕਾਲ ਦੇ ਬਾਅਦ ਤੋਂ ਜਿਸ ਤੇਜ਼ੀ ਨਾਲ ਖੇਤਰੀ ਅਤੇ ਆਲਮੀ ਰਾਜਨੀਤਕ ਪਰਿਦ੍ਰਿਸ਼ ਬਦਲ ਰਹੇ ਹਨ ਉਸ ਨਾਲ ਦੋਵਾਂ ਦੇਸ਼ਾਂ ਦੇ ਦਰਮਿਆਨ ਮਜ਼ਬੂਤ ਰਿਸ਼ਤਿਆਂ ਦੀ ਜ਼ਰੂਰਤ ਹੁਣ ਕਿਤੇ ਜ਼ਿਆਦਾ ਮਹਿਸੂਸ ਕੀਤੀ ਜਾ ਰਹੀ ਹੈ। ਅਜਿਹੇ ਵਿੱਚ ਜਦੋਂ ਗੁਆਂਢੀ ਰਾਸ਼ਟਰ ਆਪਣੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਅਤੇ ਆਪਣੇ ਜਨਕ ਦਾ ਜਨਮ ਸ਼ਤਾਬਦੀ ਵਰ੍ਹਾ ਮਨਾ ਰਿਹਾ ਹੈ, ‘‘ਗੁਆਂਢੀ ਪਹਿਲਾਂ ਨੀਤੀ” ’ਤੇ ਕਦਮ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੋਰੋਨਾ ਕਾਲ ਵਿੱਚ ਸਾਲ ਭਰ ਬਾਅਦ ਵਿਦੇਸ਼ ਯਾਤਰਾ ਦੀ ਸ਼ੁਰੂਆਤ ਬੰਗਲਾਦੇਸ਼ ਤੋਂ ਕਰਕੇ ਰਿਸ਼ਤਿਆਂ ਨੂੰ ਨਵਾਂ ਆਯਾਮ ਦੇਣ ਦੀ ਪਹਿਲ ਕੀਤੀ ਹੈ। 26-27 ਮਾਰਚ ਨੂੰ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਪਹੁੰਚ ਕੇ ਪ੍ਰਧਾਨ ਮੰਤਰੀ ਮੋਦੀ ਨੇ ਮੇਲ ਖਾਂਦੇ ਸੱਭਿਅਤਾ-ਸੱਭਿਆਚਾਰ ਵਾਲੇ ਬੰਗਲਾਦੇਸ਼ ਦੇ ਨਾਲ ਸਮਾਜਿਕ-ਆਰਥਿਕ ਸੰਪਰਕਾਂ ਨੂੰ ਨਵੀਂ ਗਤੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨੇ ਬੰਗਬੰਧੂ ਦੇ ਜਨਮ ਸ਼ਤਾਬਦੀ ਸਾਲ ’ਤੇ ਆਯੋਜਿਤ ਬੰਗਲਾਦੇਸ਼ ਦੇ ਰਾਸ਼ਟਰੀ ਦਿਵਸ ਨੂੰ ਸੰਬੋਧਨ ਕੀਤਾ ਤਾਂ ਓਰਾਕੰਦੀ ਵਿੱਚ ਠਾਕੁਰਬਾੜੀ ਮੰਦਿਰ ਵਿੱਚ ਪੂਜਾ ਕੀਤੀ ਅਤੇ ਮਤੁਆ ਸੰਪਰਦਾਇ ਨੂੰ ਵੀ ਸੰਬੋਧਨ ਕੀਤਾ। ਦੋਹਾਂ ਦੇਸ਼ਾਂ ਦੇ ਦਰਮਿਆਨ ਦੁਵੱਲੇ



## ਜੇਸ਼ੋਰੇਸ਼ਵਰੀ ਮੰਦਿਰ ਵਿੱਚ ਕੀਤੀ ਪੂਜਾ-ਅਰਚਨਾ

ਪ੍ਰਧਾਨ ਮੰਤਰੀ ਮੋਦੀ ਦੀ ਦੋ-ਦਿਨਾ ਯਾਤਰਾ ਤੋਂ ਪਹਿਲਾਂ ਬੰਗਲਾਦੇਸ਼ ਦੇ ਸਤਖੀਰਾ ਸਥਿਤ ਜੇਸ਼ੋਰੇਸ਼ਵਰੀ ਮੰਦਿਰ ਦੀ ਕਾਇਆਕਲਪ ਕੀਤੀ ਗਈ। ਮੰਦਿਰ ਨੂੰ ਬੜੇ ਖੂਬਸੂਰਤ ਢੰਗ ਨਾਲ ਸਜਾਇਆ ਗਿਆ। ਇਹ ਮੰਦਿਰ ਮਾਂ ਦੁਰਗਾ ਦੇ 51 ਸ਼ਕਤੀਪੀਠਾਂ ਵਿੱਚੋਂ ਇੱਕ ਹੈ। ਇਸ ਮੰਦਿਰ ਵਿੱਚ ਪ੍ਰਧਾਨ ਮੰਤਰੀ ਨੇ ਮਾਂ ਕਾਲੀ ਦੀ ਪੂਜਾ-ਅਰਚਨਾ ਵੀ ਕੀਤੀ। ਪ੍ਰਧਾਨ ਮੰਤਰੀ ਨੇ ਔਰਾਕਾਂਦੀ ਵਿੱਚ ਮਤੁਆ ਸਮੁਦਾਇ ਦੇ ਪ੍ਰਤੀਨਿਧੀਆਂ ਨੂੰ ਵੀ ਸੰਬੋਧਨ ਕੀਤਾ। ਇਹ ਉਹੀ ਸਥਾਨ ਹੈ, ਜਿੱਥੋਂ ਸ੍ਰੀ ਸ੍ਰੀ ਹਰਿ ਚੰਦ ਠਾਕੁਰ ਜੀ ਨੇ ਸਮਾਜਿਕ ਸੁਧਾਰਾਂ ਨਾਲ ਸਬੰਧਿਤ ਆਪਣੇ ਪਵਿੱਤਰ ਵਿਚਾਰਾਂ ਅਤੇ ਸੰਦੇਸ਼ਾਂ ਦਾ ਪ੍ਰਸਾਰ ਕੀਤਾ ਸੀ।

ਸਬੰਧਾਂ ਨੂੰ ਲੈ ਕੇ ਸੰਯੁਕਤ ਬਿਆਨ ਵੀ ਜਾਰੀ ਕੀਤਾ ਗਿਆ, ਜਿਸ ਵਿੱਚ ਬੰਗਲਾਦੇਸ਼ ਨੇ ਭਾਰਤ ਦੇ ਨਿਰੰਤਰ ਸਹਿਯੋਗ ਲਈ ਆਭਾਰ ਪ੍ਰਗਟਾਇਆ ਤਾਂ ਭਾਰਤ ਵੱਲੋਂ ਵੀ ਬੰਗਲਾਦੇਸ਼ ਦੇ ਵਿਕਾਸ ਦੀ ਸ਼ਲਾਘਾ ਕੀਤੀ ਗਈ। ਖੇਤਰ ਅਤੇ ਦੁਨੀਆ ਵਿੱਚ ਭਾਗੀਦਾਰੀ ਨੂੰ ਮਜ਼ਬੂਤ ਕਰਨ ਲਈ ਇੱਕ-ਦੂਸਰੇ ਦੇ ਸਹਿਯੋਗ ਲਈ ਵੀ ਦੋਵਾਂ ਦੇਸ਼ਾਂ ਨੇ ਇੱਕ-ਦੂਸਰੇ ਦਾ ਧੰਨਵਾਦ ਕੀਤਾ ਅਤੇ ਦੁਵੱਲੇ ਦਸਤਾਵੇਜ਼ਾਂ 'ਤੇ ਹਸਤਾਖਰ ਹੋਏ ਅਤੇ ਅਦਾਨ-ਪ੍ਰਦਾਨ ਕੀਤਾ ਗਿਆ। ਭਾਰਤ ਨੇ ਬੰਗਲਾਦੇਸ਼ ਨੂੰ ਭਰੋਸਾ ਦਿੱਤਾ ਕਿ ਉਹ ਆਪਣੇ ਗੁਆਂਢੀ ਦੇ ਵਿਕਾਸ ਵਿੱਚ ਮਜ਼ਬੂਤ ਸਹਿ-ਭਾਗੀਦਾਰ ਬਣਿਆ ਰਹੇਗਾ।

ਇਸ ਯਾਤਰਾ ਦੇ ਮਹੱਤਵ ਨੂੰ ਬੰਗਲਾਦੇਸ਼ ਰਵਾਨਾ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦੇ ਸੰਦੇਸ਼ ਤੋਂ ਵੀ ਸਮਝਿਆ ਜਾ ਸਕਦਾ ਹੈ, ''ਮੈਨੂੰ ਖੁਸ਼ੀ ਹੈ ਕਿ ਕੋਵਿਡ-19 ਮਹਾਮਾਰੀ ਦੀ ਸ਼ੁਰੂਆਤ ਦੇ ਬਾਅਦ ਕਿਸੇ ਅਜਿਹੇ ਗੁਆਂਢੀ ਮਿੱਤਰ ਦੇਸ਼ ਦੀ ਇਹ ਮੇਰੀ ਪਹਿਲੀ ਵਿਦੇਸ਼ ਯਾਤਰਾ ਹੈ ਜਿਸ ਨਾਲ ਭਾਰਤ ਦੇ ਸੱਭਿਆਚਾਰਕ, ਭਾਸ਼ਾਈ ਅਤੇ ਦੋਹਾਂ ਦੇਸ਼ਾਂ ਦੇ ਲੋਕਾਂ ਦੇ ਦਰਮਿਆਨ ਆਪਸ ਵਿੱਚ ਗਹਿਰੇ ਸਬੰਧ ਹਨ।" ਇੰਨਾ ਹੀ ਨਹੀਂ, ਉਨ੍ਹਾਂ ਨੇ ਬੰਗਲਾਦੇਸ਼ੀ ਅਖ਼ਬਾਰ 'ਦ ਡੇਲੀ ਸਟਾਰ' ਵਿੱਚ "ਬੰਗਬੰਧੂ ਦੇ ਨਾਲ ਇੱਕ ਅਲੱਗ ਦੱਖਣੀ ਏਸ਼ੀਆ ਦੀ ਕਲਪਨਾ" ਸਿਰਲੇਖ ਵਾਲਾ ਇੱਕ ਲੇਖ ਵੀ ਲਿਖਿਆ ਜਿਸ ਵਿੱਚ ਪ੍ਰਧਾਨ ਮੰਤਰੀ ਨੇ ਵਾਅਦਾ ਕੀਤਾ ਕਿ ਭਾਰਤ ਹਮੇਸ਼ਾ ਬੰਗਲਾਦੇਸ਼ ਦਾ ਸਾਂਝੀਦਾਰ ਰਹੇਗਾ ਕਿਉਂਕਿ ਦੋਵੇਂ ਦੇਸ਼ ਸੁਨਹਿਰੇ ਭਵਿੱਖ ਵੱਲ ਮਿਲ ਕੇ ਵਧ ਰਹੇ ਹਨ, ਜਿਸ ਲਈ ਬੰਗਬੰਧੂ, ਲੱਖਾਂ ਦੇਸ਼ ਭਗਤ ਬੰਗਲਾਦੇਸ਼ੀਆਂ ਅਤੇ ਨਿਸ਼ਚਿਤ ਤੌਰ 'ਤੇ ਹਜ਼ਾਰਾਂ ਭਾਰਤੀਆਂ ਨੇ ਪੂਰੀ ਕੋਸ਼ਿਸ਼ ਕੀਤੀ ਹੈ।

## ਸਾਂਝੀ ਵਿਰਾਸਤ ਅਤੇ ਆਮ ਚੁਣੌਤੀਆਂ

ਬੰਗਲਾਦੇਸ਼ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਦੇ ਜਸ਼ਨ ਲਈ ਢਾਕਾ ਵਿੱਚ ਹੋਏ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਭਾਰਤ-ਬੰਗਲਦੇਸ਼ ਸਬੰਧਾਂ, ਦੋਵੇਂ ਦੇਸ਼ਾਂ ਦੀਆਂ ਸਾਂਝੀਆਂ ਵਿਰਾਸਤਾਂ ਅਤੇ ਸਾਂਝੇ ਟੀਚਿਆਂ 'ਤੇ ਵਿਸਤਾਰ ਨਾਲ ਗੱਲ ਕੀਤੀ। ਦੋਵੇਂ ਦੇਸ਼ਾਂ ਦੇ ਮਜ਼ਬੂਤ ਸਬੰਧਾਂ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਅਤੇ ਬੰਗਲਾਦੇਸ਼ ਦੋਵੇਂ ਹੀ ਲੋਕਤਾਂਤਰਿਕ ਦੇਸ਼ ਹਨ। ਉਨ੍ਹਾਂ ਨੇ ਕਿਹਾ ਕਿ ਸਾਡੀ ਵਿਰਾਸਤ ਵੀ ਸਾਂਝੀ ਹੈ, ਸਾਡਾ ਵਿਕਾਸ ਵੀ ਸਾਂਝਾ ਹੈ, ਸਾਡੇ ਟੀਚੇ ਵੀ ਸਾਂਝੇ ਹਨ ਅਤੇ ਸਾਡੀਆਂ ਚੁਣੌਤੀਆਂ ਵੀ ਸਾਂਝੀਆਂ ਹਨ। ਪ੍ਰਧਾਨ ਮੰਤਰੀ ਮੋਦੀ ਨੇ 1971 ਵਿੱਚ ਬੰਗਲਾਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਭਾਰਤੀ ਸੈਨਾ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਆਪਣੇ ਜੀਵਨ ਦੇ ਉਸ ਪਲ ਨੂੰ ਵੀ ਸਾਂਝਾ ਕੀਤਾ ਕਿ ਕਿਵੇਂ ਉਨ੍ਹਾਂ ਨੇ ਵੀ ਬੰਗਲਾਦੇਸ਼ ਦੀ ਆਜ਼ਾਦੀ ਲਈ ਸੱਤਿਆਗ੍ਰਹਿ ਕੀਤਾ ਸੀ। ਉਨ੍ਹਾਂ ਨੇ ਕਿਹਾ, ''ਬੰਗਲਾਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਵਿੱਚ ਸ਼ਾਮਲ ਹੋਣਾ ਮੇਰੇ ਜੀਵਨ ਦੇ ਵੀ ਪਹਿਲੇ ਅੰਦੋਲਨਾਂ ਵਿੱਚੋਂ ਇੱਕ ਸੀ। ਮੇਰੀ ਉਮਰ 20-22 ਸਾਲ ਰਹੀ ਜਦੋਂ ਮੈਂ ਅਤੇ ਮੇਰੇ ਕਈ ਸਾਥੀਆਂ ਨੇ ਬੰਗਲਾਦੇਸ਼ ਦੇ ਲੋਕਾਂ ਦੀ ਆਜ਼ਾਦੀ ਲਈ ਸੱਤਿਆਗ੍ਰਹਿ ਕੀਤਾ ਸੀ।"

**ਬੰਗਲਾਦੇਸ਼ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ 'ਤੇ ਢਾਕਾ ਪਹੁੰਚੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ**

ਪ੍ਰਧਾਨ ਮੰਤਰੀ ਮੋਦੀ ਨੇ ਇਸ ਮੌਕੇ 'ਤੇ ਇਹ ਵੀ ਕਿਹਾ ਕਿ ਜਿੱਥੇ ਵਪਾਰ ਤੇ ਵਣਜ ਦੇ ਖੇਤਰ ਵਿੱਚ ਦੋਹਾਂ ਦੇਸ਼ਾਂ ਦੇ ਪਾਸ ਇੱਕ ਸਮਾਨ ਅਵਸਰ ਹਨ, ਉੱਥੇ ਉਨ੍ਹਾਂ ਦੇ ਸਾਹਮਣੇ ਆਤੰਕਵਾਦ ਜਿਹੀ ਇੱਕ ਸਮਾਨ ਚੁਣੌਤੀ ਵੀ ਹੈ। ਪ੍ਰਧਾਨ ਮੰਤਰੀ ਨੇ ਇਸ ਦੌਰਾਨ ਬੰਗਲਾਦੇਸ਼ ਦੇ 50 ਉੱਦਮੀਆਂ ਨੂੰ ਭਾਰਤ ਆ ਕੇ ਇੱਥੋਂ ਦੇ ਸਟਾਰਟ-ਅੱਪ ਅਤੇ ਇਨੋਵੇਸ਼ਨ ਦੇ ਤੰਤਰ ਨਾਲ ਸੰਪਰਕ ਸਥਾਪਿਤ ਕਰਨ ਅਤੇ ਉੱਦਮੀਆਂ ਨੂੰ ਮਿਲਣ ਦਾ ਸੱਦਾ ਵੀ ਦਿੱਤਾ। ਉਨ੍ਹਾਂ ਨੇ ਦੋਹਾਂ ਦੇਸ਼ਾਂ ਦੇ ਦਰਮਿਆਨ ਕੂਟਨੀਤਕ ਸਬੰਧਾਂ ਦੇ 50 ਸਾਲ ਪੂਰੇ ਹੋਣ ਦੇ ਅਵਸਰ 'ਤੇ ਬੰਗਲਾਦੇਸ਼ੀ ਵਿਦਿਆਰਥੀਆਂ ਲਈ ਗੋਲਡਨ ਜੁਬਲੀ ਸਕਾਲਰਸ਼ਿਪ ਦਾ ਵੀ ਐਲਾਨ ਕੀਤਾ। ਇਸ ਸਮਾਗਮ ਵਿੱਚ ਬੰਗਬੰਧੂ ਨੂੰ ਸ਼ਰਧਾਂਜਲੀ ਦੇਣ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਖਾਸ ਤੌਰ 'ਤੇ ਖਾਦੀ ਦੀ ਬਣੀ ਕਾਲੇ ਰੰਗ ਦੀ 'ਮੁਜੀਬ ਜੈਕੇਟ' ਵੀ ਪਹਿਨੀ। ਬੰਗਲਾਦੇਸ਼ ਵਿੱਚ ਬੇਹੱਦ ਮਕਬੂਲ ਮੁਜੀਬ ਜੈਕੇਟ, ਉੱਚੇ ਗਲੇ ਦਾ ਬਿਨਾ ਬਾਂਹ ਦਾ ਪੁਰਸ਼ਾਂ ਦੁਆਰਾ ਪਹਿਨਿਆ ਜਾਣ ਵਾਲਾ ਕੋਟ ਹੈ। ਭਾਰਤ ਦੇ ਖਾਦੀ ਗ੍ਰਾਮ ਉਦਯੋਗ ਨੇ ਖਾਸ ਤੌਰ 'ਤੇ 100 ਮੁਜੀਬ ਜੈਕੇਟ ਇਸ ਸਮਾਰੋਹ ਲਈ ਤਿਆਰ ਕਰਕੇ ਢਾਕਾ ਭੇਜੇ ਸਨ।

## ਬੰਗਲਾਦੇਸ਼ੀ ਨਾਗਰਿਕਾਂ ਦੀ ਸਿਹਤ ਦਾ ਵੀ ਫਿਕਰ

ਇਸ ਯਾਤਰਾ ਦੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਰਾਜਨੀਤਕ ਅਤੇ ਸਮੁਦਾਇਕ ਨੇਤਾਵਾਂ ਨਾਲ ਵੀ ਮੁਲਾਕਾਤ ਕੀਤੀ, ਜਿਨ੍ਹਾਂ ਵਿੱਚ ਘੱਟ-ਗਿਣਤੀਆਂ ਦੇ ਪ੍ਰਤੀਨਿਧੀ, ਬੰਗਲਾਦੇਸ਼ ਮੁਕਤੀ ਸੰਗ੍ਰਾਮ ਦੇ ਮੁਕਤੀ ਜੋਧੇ ਸ਼ਾਮਲ ਰਹੇ। ਵਿਦੇਸ਼ ਮੰਤਰਾਲੇ ਦੇ ਮੁਤਾਬਕ ਪ੍ਰਧਾਨ ਮੰਤਰੀ

# ਭਰੋਸੇ ਦੀ ਡਗਰ, ਗੂੜ੍ਹੇ ਹੁੰਦੇ ਰਿਸ਼ਤੇ



## ਰੱਖਿਆ ਖੇਤਰ ਵਿੱਚ ਆਪਸੀ ਸਹਿਯੋਗ

2020 ਵਿੱਚ ਦੋਵੇਂ ਦੇਸ਼ਾਂ ਦੇ ਦਰਮਿਆਨ ਉੱਚ ਪੱਧਰੀ ਸਹਿਯੋਗ। ਭਾਰਤੀ ਸੈਨਾ ਨੇ ਬੰਗਲਾਦੇਸ਼ ਦੀ ਸੈਨਾ ਨੂੰ ਸਿੱਖਿਅਤ ਘੋੜੇ ਅਤੇ ਕੁੱਤੇ ਉਪਹਾਰ ਵਿੱਚ ਦਿੱਤੇ। ਬੰਗਲਾਦੇਸ਼ ਵਿਜੈ ਦਿਵਸ ਦੇ ਮੌਕੇ 'ਤੇ ਮੁਕਤੀ ਜੋਧਿਆਂ ਦੇ ਪਰਿਵਾਰਾਂ ਨੂੰ ਸਕਾਲਰਸ਼ਿਪ ਦੇ ਨਾਲ ਉਨ੍ਹਾਂ ਲਈ ਸਿਹਤ ਯੋਜਨਾ ਸ਼ੁਰੂ ਕੀਤੀ ਗਈ।

## ਸੁਰੱਖਿਆ ਅਤੇ ਸੀਮਾ ਪ੍ਰਬੰਧਨ

- ਭਾਰਤ-ਬੰਗਲਾਦੇਸ਼ ਦੇ ਦਰਮਿਆਨ 4096.7 ਕਿਲੋਮੀਟਰ ਦੀ ਸਭ ਤੋਂ ਵੱਡੀ ਜ਼ਮੀਨੀ ਸੀਮਾ ਹੈ, ਜਿਸ ਨੂੰ ਭਾਰਤ ਆਪਣੇ ਕਿਸੇ ਗੁਆਂਢੀ ਦੇਸ਼ ਨਾਲ ਸਾਂਝਾ ਕਰਦਾ ਹੈ। ਇਸ ਵਿੱਚ 1116.2 ਕਿਲੋਮੀਟਰ ਸੀਮਾ ਨਦੀ ਤਟ ਨਾਲ ਸਬੰਧਿਤ ਹੈ।
- ਸਿਖਰਲੇ ਪੱਧਰ 'ਤੇ ਬੰਗਲਾਦੇਸ਼ ਦੀ ਅਗਵਾਈ ਨੇ ਭਾਰਤ ਨੂੰ ਭਰੋਸਾ ਦਿੱਤਾ ਹੈ ਕਿ ਉਹ ਆਪਣੀ ਜ਼ਮੀਨ ਦੀ ਵਰਤੋਂ ਭਾਰਤ ਦੇ ਖ਼ਿਲਾਫ਼ ਨਹੀਂ ਹੋਣ ਦੇਵੇਗਾ।
- ਜੂਨ 2015 ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਬੰਗਲਾਦੇਸ਼ ਦੌਰੇ ਦੇ ਵਕਤ ਲਿਖਤੀ ਪੁਸ਼ਟੀ ਦੇ ਬਾਅਦ ਦੋਵਾਂ ਦੇਸ਼ਾਂ ਦੇ ਦਰਮਿਆਨ ਬੰਗਲਾਦੇਸ਼ ਜ਼ਮੀਨ ਸੀਮਾ ਕਰਾਰ ਲਾਗੂ ਹੋਇਆ।
- 7 ਜੁਲਾਈ 2014 ਨੂੰ ਯੂਐੱਨ ਟ੍ਰਿਬਿਊਨਲ ਅਨੁਸਾਰ ਦੋਵੇਂ ਦੇਸ਼ਾਂ ਦੇ ਦਰਮਿਆਨ ਸਮੁੰਦਰੀ ਸੀਮਾ ਵਿਚੋਲਗੀ ਨੇ ਬੰਗਾਲ ਦੀ ਖਾੜੀ ਦੇ ਇਸ ਭਾਗ ਦੇ ਆਰਥਿਕ ਵਿਕਾਸ ਦਾ ਮਾਰਗ ਖੋਲ੍ਹਿਆ ਹੈ ਜੋ ਦੋਹਾਂ ਦੇਸ਼ਾਂ ਦੇ ਲਈ ਲਾਭਕਾਰੀ ਹੈ।
- ਦੋਹਾਂ ਦੇਸ਼ਾਂ ਦੇ ਦਰਮਿਆਨ 54 ਨਦੀਆਂ ਆਮ ਰੂਪ ਨਾਲ ਵਹਿੰਦੀਆਂ ਹਨ। ਇਨ੍ਹਾਂ ਤੋਂ ਅਧਿਕਤਮ ਲਾਭ ਅਤੇ ਸੰਪਰਕ ਸਥਾਪਿਤ ਕਰਨ ਲਈ ਜੂਨ 1972 ਤੋਂ ਦੁਵੱਲਾ ਸੰਯੁਕਤ ਨਦੀ ਕਮਿਸ਼ਨ ਕੰਮ ਕਰ ਰਿਹਾ ਹੈ। ਦਸਤਖ਼ਤ ਕੀਤੀ ਗੰਗਾ ਜਲ ਸੰਧੀ ਅੱਜ ਵੀ ਤਸੱਲੀਬਖ਼ਸ਼ ਢੰਗ ਨਾਲ ਕੰਮ ਕਰ ਰਹੀ ਹੈ।

## ਕਨੈਕਟੀਵਿਟੀ

- 17 ਦਸੰਬਰ 2020 ਨੂੰ ਦੋਵੇਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਬੰਗਲਾਦੇਸ਼ ਦੇ ਚਿਲਹਾਟੀ ਤੋਂ ਹਲਦੀਬਾੜੀ (ਭਾਰਤ) ਦੇ ਦਰਮਿਆਨ ਰੇਲ ਲਿੰਕ ਦਾ ਉਦਘਾਟਨ ਕੀਤਾ।
- ਦੋ ਪੈਸੰਜਰ ਟ੍ਰੇਨ-ਮੈਤ੍ਰੀ ਐਕਸਪ੍ਰੈੱਸ ਅਤੇ ਬੰਧਨ ਐਕਸਪ੍ਰੈੱਸ ਦੇ ਫੇਰੇ ਵਧਾਏ ਗਏ ਹਨ।
- ਅਕਤੂਬਰ 2019 ਵਿੱਚ ਢਾਕਾ-ਸਿਲੀਗੁੜੀ-ਗੰਗਟੋਕ-ਢਾਕਾ ਅਤੇ ਢਾਕਾ-ਸਿਲੀਗੁੜੀ-ਦਾਰਜਲਿੰਗ-ਢਾਕਾ ਬੱਸ ਸੇਵਾ ਸ਼ੁਰੂ ਹੋਈ।
- ਤ੍ਰਿਪੁਰਾ ਨੂੰ ਬੰਗਲਾਦੇਸ਼ ਦੇ ਰਾਮਗੜ੍ਹ ਨਾਲ ਜੋੜਨ ਵਾਲੇ ਮੈਤ੍ਰੀ ਸੇਤੂ ਦੀ ਸ਼ੁਰੂਆਤ 9 ਮਾਰਚ 2021 ਨੂੰ ਕੀਤੀ ਗਈ।

## ਆਰਥਿਕ-ਕਮਰਸ਼ੀਅਲ

- ਬੰਗਲਾਦੇਸ਼ ਦੱਖਣੀ ਏਸ਼ੀਆ ਵਿੱਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਸਾਂਝੇਦਾਰ ਹੈ ਅਤੇ ਭਾਰਤ ਉਸ ਦਾ ਦੂਸਰਾ ਸਭ ਤੋਂ ਵੱਡਾ ਵਪਾਰਕ ਸਾਂਝੇਦਾਰ ਹੈ।
- ਬੀਤੇ ਕੁਝ ਵਰ੍ਹਿਆਂ ਵਿੱਚ ਭਾਰਤ ਤੋਂ ਬੰਗਲਾਦੇਸ਼ ਨੂੰ ਨਿਰਯਾਤ ਤਿੰਨ ਗੁਣਾ ਹੋ ਗਿਆ ਹੈ। ਸਾਲ 2019-20 ਵਿੱਚ 8.2 ਬਿਲੀਅਨ ਡਾਲਰ ਦਾ ਨਿਰਯਾਤ ਬੰਗਲਾਦੇਸ਼ ਨੂੰ ਕੀਤਾ ਗਿਆ ਅਤੇ 1.26 ਬਿਲੀਅਨ ਡਾਲਰ ਦਾ ਆਯਾਤ ਹੋਇਆ।
- ਬਿਜਲੀ ਖੇਤਰ ਦੋਹਾਂ ਦੇ ਦਰਮਿਆਨ ਸਹਿਯੋਗ ਦੀ ਵੱਡੀ ਪਹਿਚਾਣ ਹੈ। ਬੰਗਲਾਦੇਸ਼ 1160 ਮੈਗਾਵਾਟ ਬਿਜਲੀ ਭਾਰਤ ਤੋਂ ਆਯਾਤ ਕਰ ਰਿਹਾ ਹੈ।

## ਸਮਰੱਥਾ ਨਿਰਮਾਣ ਅਤੇ ਟ੍ਰੇਨਿੰਗ

2019 ਤੋਂ ਹੁਣ ਤੱਕ ਬੰਗਲਾਦੇਸ਼ ਦੇ 1800 ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮਸੂਰੀ ਸਥਿਤ ਨੈਸ਼ਨਲ ਸੈਂਟਰ ਫਾਰ ਗੁੱਡ ਗਵਰਨੈਂਸ ਵਿੱਚ ਟ੍ਰੇਨਿੰਗ ਦਿੱਤੀ ਗਈ।

ਬੰਗਲਾਦੇਸ਼ ਦੇ ਪੁਲਿਸ ਅਧਿਕਾਰੀਆਂ ਦੇ ਨਾਲ 2017 ਤੋਂ ਹੁਣ ਤੱਕ 1500 ਨਿਆਂਇਕ ਸੇਵਾ ਦੇ ਅਧਿਕਾਰੀਆਂ ਨੂੰ ਵੀ ਭਾਰਤ ਵਿੱਚ ਟ੍ਰੇਨਿੰਗ ਦਿੱਤੀ ਗਈ ਹੈ। ਉਚੇਰੀ ਸਿੱਖਿਆ ਦੇ ਲਈ ਭਾਰਤ ਆਉਣ ਵਾਲੇ 200 ਬੰਗਲਾਦੇਸ਼ੀ ਵਿਦਿਆਰਥੀਆਂ ਨੂੰ ਹਰ ਸਾਲ ਸਕਾਲਰਸ਼ਿਪ ਦਿੱਤਾ ਜਾਂਦਾ ਹੈ।

ਮੋਦੀ ਨੇ ਸੱਤਾਧਾਰੀ ਗੈਂਡ ਅਲਾਇੰਸ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਦੋਹਾਂ ਦੇਸ਼ਾਂ ਦੇ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਦੁਵੱਲੇ ਰਿਸ਼ਤਿਆਂ ਨਾਲ ਜੁੜੇ ਵਿਭਿੰਨ ਵਿਸ਼ਿਆਂ 'ਤੇ ਚਰਚਾ ਕੀਤੀ। ਇਸ ਯਾਤਰਾ ਵਿੱਚ ਬੋਹਰਾ ਸਮੁਦਾਇ ਦੇ ਨੇਤਾਵਾਂ ਨੇ ਢਾਕਾ ਵਿੱਚ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕਰਕੇ ਕੋਰੋਨਾ ਵੈਕਸੀਨ ਲਈ ਧੰਨਵਾਦ ਕੀਤਾ। ਇਸ ਵਫ਼ਦ ਦੀ ਅਗਵਾਈ ਅੰਜੁਮਨ-ਏ-ਜਮਾਤ ਦੇ ਸਕੱਤਰ ਕਯੂਮ ਦੀਸਾਵਾਲਾ ਨੇ ਕੀਤੀ। ਬੈਠਕ ਦੇ ਬਾਅਦ ਕਯੂਮ ਦੀਸਾਵਾਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਬੋਹਰਾ ਸਮੁਦਾਇ ਦੇ ਲੋਕਾਂ ਨਾਲ ਗੁਜਰਾਤੀ ਭਾਸ਼ਾ ਵਿੱਚ ਗੱਲ ਕੀਤੀ। ਦੋਸਤੀ ਦੇ ਨਾਲ 12 ਲੱਖ ਕੋਰੋਨਾ ਵੈਕਸੀਨ ਦੀ ਨਵੀਂ ਖੇਪ ਲੈ ਕੇ ਖੁਦ ਪ੍ਰਧਾਨ ਮੰਤਰੀ ਬੰਗਲਾਦੇਸ਼ ਪਹੁੰਚੇ ਸਨ, ਜਿਸ ਵਿੱਚ ਸਿਰਫ਼ ਦੋਸਤੀ ਅਤੇ ਸਾਂਝੇਦਾਰੀ ਦਾ ਪੈਗਾਮ ਨਹੀਂ, ਬਲਕਿ ਆਮ ਬੰਗਲਾਦੇਸ਼ੀ ਨਾਗਰਿਕਾਂ ਦੀ ਸਿਹਤ ਦੇ ਫਿਕਰ ਦਾ ਵੀ ਸੰਦੇਸ਼ ਸੀ।

### ਸਹਿਯੋਗ ਅਤੇ ਸੰਵਾਦ ਨਾਲ ਸਬੰਧਾਂ ਨੂੰ ਮਜ਼ਬੂਤੀ

ਕੋਰੋਨਾ ਜਿਹੀ ਵਿਪਰੀਤ ਸਥਿਤੀ ਦੇ ਬਾਵਜੂਦ ਬੰਗਲਾਦੇਸ਼ ਨਾਲ ਭਾਰਤ ਦੇ ਸਬੰਧਾਂ ਵਿੱਚ ਆਤਮੀਅਤਾ ਬਣੀ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਅਤੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਨਵੇਂ ਸਾਲ 'ਤੇ ਇੱਕ-ਦੂਸਰੇ ਨੂੰ ਵਧਾਈ ਦਿੱਤੀ। ਜਦਕਿ ਇਸ ਤੋਂ ਪਹਿਲਾਂ 17 ਮਾਰਚ 2020 ਨੂੰ ਸ਼ੇਖ ਮੁਜੀਬਰ ਰਹਿਮਾਨ ਦੇ ਜਨਮ ਸ਼ਤਾਬਦੀ ਸਾਲ ਲਈ ਪ੍ਰਧਾਨ ਮੰਤਰੀ ਮੋਦੀ

## ਬੰਗਲਾਦੇਸ਼ ਵਿੱਚ ਭਾਰਤੀ ਸਮੁਦਾਇ

ਇੱਕ ਅਨੁਮਾਨ ਮੁਤਾਬਕ ਬੰਗਲਾਦੇਸ਼ ਵਿੱਚ ਭਾਰਤੀ ਸਮੁਦਾਇ ਦੇ 10 ਹਜ਼ਾਰ ਲੋਕ ਰਹਿੰਦੇ ਹਨ ਜਿਨ੍ਹਾਂ ਦੀ ਮਿਹਨਤ ਅਤੇ ਪ੍ਰਬੰਧਕੀ ਕੌਸ਼ਲ ਨੇ ਗੁਆਂਢੀ ਦੇਸ਼ ਵਿੱਚ ਉਨ੍ਹਾਂ ਨੂੰ ਸਨਮਾਨ ਦਿਵਾਇਆ ਹੈ। ਜ਼ਿਆਦਾਤਰ ਭਾਰਤੀ ਸਮੁਦਾਇ ਰੈਡੀਮੇਡ ਗਾਰਮੈਂਟ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ ਜਾਂ ਮਲਟੀ ਨੈਸ਼ਨਲ ਕੰਪਨੀਆਂ ਦੀਆਂ ਸਿਖਰਲੀਆਂ ਥਾਂਵਾਂ 'ਤੇ ਹਨ। ਭਾਰਤੀ ਸਮੁਦਾਇ ਉੱਥੇ ਸਮੇਂ-ਸਮੇਂ 'ਤੇ ਇੰਡੀਅਨ ਐਸੋਸੀਏਸ਼ਨ ਅਤੇ ਢਾਕਾ ਐਸੋਸੀਏਸ਼ਨ ਨਾਲ ਮਿਲ ਕੇ ਸੱਭਿਆਚਾਰਕ ਸਮਾਰੋਹਾਂ ਦਾ ਆਯੋਜਨ ਕਰਦਾ ਰਹਿੰਦਾ ਹੈ।

ਨੇ ਵੀਡਿਓ ਸੰਦੇਸ਼ ਦਿੱਤਾ ਅਤੇ 29 ਅਪ੍ਰੈਲ ਨੂੰ ਰਮਜ਼ਾਨ ਕੀਤੀ ਅਤੇ 25 ਮਈ ਨੂੰ ਈਦ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। 17 ਦਸੰਬਰ 2020 ਨੂੰ ਦੋਵੇਂ ਪ੍ਰਧਾਨ ਮੰਤਰੀਆਂ ਨੇ ਦੁਵੱਲੀ ਗੱਲਬਾਤ ਕੀਤੀ। ਇਸ ਦੌਰਾਨ ਹਾਈਡ੍ਰੋਕਾਰਬਨ, ਖੇਤੀਬਾੜੀ, ਵਪਾਰ, ਵਿਕਾਸ ਦੇ ਪ੍ਰੋਜੈਕਟਾਂ ਅਤੇ ਵਿਰਾਸਤ ਦੀ ਸੰਭਾਲ਼ 'ਤੇ ਸਮਝੌਤੇ ਹੋਏ। ਇਸ ਦੌਰਾਨ ਦੋਵੇਂ ਪ੍ਰਧਾਨ ਮੰਤਰੀਆਂ ਨੇ ਬੰਗਬੰਧੂ ਸ਼ੇਖ ਮੁਜੀਬਰ ਰਹਿਮਾਨ 'ਤੇ ਭਾਰਤ ਸਰਕਾਰ ਵੱਲੋਂ ਸਮਰਪਿਤ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ। ਰਾਜਸ਼ਾਹੀ ਸ਼ਹਿਰ ਅਤੇ ਖੁਲਨਾ ਵਿੱਚ ਖਾਲਿਸਪੁਰ ਕਾਲਜੀਏਟ ਲੜਕੀਆਂ ਦੇ ਸਕੂਲ ਦਾ ਉਦਘਾਟਨ ਕੀਤਾ। 29 ਸਤੰਬਰ 2020 ਨੂੰ ਦੋਹਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਸੰਯੁਕਤ ਰੂਪ ਨਾਲ ਮਹਾਤਮਾ ਗਾਂਧੀ ਦੀ 150ਵੀਂ ਜਯੰਤੀ 'ਤੇ ਬੰਗਲਾਦੇਸ਼ ਸਰਕਾਰ ਵੱਲੋਂ ਜਾਰੀ ਡਾਕ ਟਿਕਟ ਨੂੰ ਸਮਰਪਿਤ ਕੀਤਾ। 30 ਮਈ 2019 ਨੂੰ ਪ੍ਰਧਾਨ ਮੰਤਰੀ ਮੋਦੀ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਖਾਸ ਤੌਰ 'ਤੇ ਬੰਗਲਾਦੇਸ਼ ਦੇ ਰਾਸ਼ਟਰਪਤੀ ਮੁਹੰਮਦ ਅਬਦੁਲ ਹਾਮਿਦ ਸ਼ਾਮਲ ਹੋਏ ਸਨ। ਇਸ ਤੋਂ ਪਹਿਲਾਂ 3-6 ਅਕਤੂਬਰ 2019 ਨੂੰ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਸਰਕਾਰੀ ਦੌਰੇ 'ਤੇ ਭਾਰਤ ਆਏ। 22 ਨਵੰਬਰ 2019 ਨੂੰ ਉਨ੍ਹਾਂ ਨੇ ਕੋਲਕਾਤਾ ਦਾ ਵੀ ਦੌਰਾ ਕੀਤਾ ਜਿੱਥੇ ਉਨ੍ਹਾਂ ਨੇ ਭਾਰਤ-ਬੰਗਲਾਦੇਸ਼ ਦੇ ਦਰਮਿਆਨ ਹੋਇਆ ਪਿੰਕ ਬਾਲ ਟੈਸਟ ਕ੍ਰਿਕਟ ਮੈਚ ਦੇਖਿਆ। ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੀ ਬੈਠਕ ਦੇ ਦੌਰਾਨ ਸਤੰਬਰ 2019 ਵਿੱਚ ਦੋਵੇਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਮਹਾਤਮਾ ਗਾਂਧੀ ਦੀ 150ਵੀਂ ਜਯੰਤੀ 'ਤੇ ਆਯੋਜਿਤ ਸਮਾਗਮ ਵਿੱਚ ਹਿੱਸਾ ਲਿਆ ਸੀ। ਬਹੁਆਯਾਮੀ ਅਤੇ ਵਿਭਿੰਨ ਵਿਸ਼ਿਆਂ 'ਤੇ ਦੋਹਾਂ ਦੇਸ਼ਾਂ ਦੇ ਦਰਮਿਆਨ ਲਗਾਤਾਰ ਗੱਲਬਾਤ ਹੁੰਦੀ ਹੈ ਜਿਸ ਵਿੱਚ ਟੂਰਿਜ਼ਮ, ਸਿਹਤ, ਸਿੱਖਿਆ, ਅਣੂ ਵਿਗਿਆਨ ਅਤੇ ਆਈਟੀ ਸ਼ਾਮਲ ਹੈ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਤਤਕਾਲੀ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੀ ਪਤਨੀ ਦੇ ਅੰਤਿਮ ਸੰਸਕਾਰ ਵਿੱਚ ਹਿੱਸਾ ਲੈਣ ਲਈ ਖਾਸ ਤੌਰ 'ਤੇ 19 ਅਗਸਤ 2015 ਨੂੰ ਨਵੀਂ ਦਿੱਲੀ ਦਾ ਦੌਰਾ ਕੀਤਾ ਸੀ। ●

**ਬੰਗਲਾਦੇਸ਼ ਦੇ ਰਾਸ਼ਟਰੀ ਦਿਵਸ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਦਾ ਪੂਰਾ ਸੰਬੋਧਨ ਸੁਣਨ ਲਈ QR ਕੋਡ ਸਕੈਨ ਕਰੋ।**

# ਬੰਗਬੰਧੂ ਅਤੇ ਬਿਨ ਅਲ ਸੈਦ ਨੂੰ ਗਾਂਧੀ ਸ਼ਾਂਤੀ ਪੁਰਸਕਾਰ

**ਬੰਗਲਾਦੇਸ਼ ਦੇ ਰਾਸ਼ਟਰਪਿਤਾ ਮੰਨੇ ਜਾਣ ਵਾਲੇ ਸ਼ੇਖ ਮੁਜੀਬੁਰ ਰਹਿਮਾਨ ਦੇ ਜਨਮ ਸ਼ਤਾਬਦੀ ਸਾਲ 'ਤੇ ਭਾਰਤ ਨੇ ਉਨ੍ਹਾਂ ਨੂੰ 2020 ਲਈ ਗਾਂਧੀ ਸ਼ਾਂਤੀ ਪੁਰਸਕਾਰ ਨਾਲ ਨਿਵਾਜਿਆ ਤਾਂ 2019 ਦਾ ਇਹ ਪੁਰਸਕਾਰ ਓਮਾਨ ਦੇ (ਮਰਹੂਮ) ਮਹਾਮਹਿਮ ਸੁਲਤਾਨ ਕਾਬੂਸ ਬਿਨ ਸੈਦ ਅਲ ਸੈਦ ਨੂੰ ਦਿੱਤਾ ਗਿਆ।**



## 'ਮੁਜੀਬ ਵਰ੍ਹੇ' ਵਿੱਚ ਬੰਗਬੰਧੂ ਦੇ ਸੰਘਰਸ਼ ਨੂੰ ਸਨਮਾਨ

ਕਿਹਾ ਜਾਂਦਾ ਹੈ ਕਿ ਅਗਰ ਸ਼ੇਖ ਮੁਜੀਬੁਰ ਰਹਿਮਾਨ ਨਾ ਹੁੰਦੇ ਤਾਂ ਬੰਗਲਾਦੇਸ਼ ਦਾ ਉਦੈ ਵੀ ਨਾ ਹੁੰਦਾ। ਗਾਂਧੀਵਾਦੀ ਰਸਤੇ 'ਤੇ ਚਲ ਕੇ ਸਮਾਜਿਕ ਅਤੇ ਰਾਜਨੀਤਕ ਪਰਿਵਰਤਨ ਦੀ ਜੋ ਦਿਸ਼ਾ ਉਨ੍ਹਾਂ ਨੇ ਦਿੱਤੀ, ਉਸ ਦੇ ਲਈ ਹੀ ਬੰਗਲਾਦੇਸ਼ ਦੀ ਆਵਾਮ ਨੇ ਉਨ੍ਹਾਂ ਨੂੰ 'ਬੰਗਬੰਧੂ' ਦੀ ਉਪਾਧੀ ਦਿੱਤੀ ਹੈ। ਅਜਿਹੇ ਵਿੱਚ ਜਦੋਂ ਬੰਗਲਾਦੇਸ਼ 'ਮੁਜੀਬ ਵਰ੍ਹਾ' ਮਨਾ ਰਿਹਾ ਹੈ, ਭਾਰਤ ਨੇ ਵੀ ਬੰਗਲਾਦੇਸ਼ ਸਰਕਾਰ ਅਤੇ ਉਸ ਦੇ ਲੋਕਾਂ ਨਾਲ ਮਿਲ ਕੇ ਉਨ੍ਹਾਂ ਦੀ ਵਿਰਾਸਤ ਨੂੰ ਯਾਦ ਕਰਦੇ ਹੋਏ ਸ਼ੇਖ ਮੁਜੀਬੁਰ ਰਹਿਮਾਨ ਨੂੰ ਗਾਂਧੀ ਸ਼ਾਂਤੀ ਪੁਰਸਕਾਰ ਦਿੱਤਾ। ਗਾਂਧੀ ਸ਼ਾਂਤੀ ਪੁਰਸਕਾਰ ਭਾਰਤ ਸਰਕਾਰ ਵੱਲੋਂ ਸਥਾਪਿਤ ਇੱਕ ਸਲਾਨਾ ਪੁਰਸਕਾਰ ਹੈ ਜਿਸ ਨੂੰ 1995 ਤੋਂ ਪ੍ਰਦਾਨ ਕੀਤਾ ਜਾ ਰਿਹਾ ਹੈ। ਇਸ ਪੁਰਸਕਾਰ ਦੀ ਸਥਾਪਨਾ ਮਹਾਤਮਾ ਗਾਂਧੀ ਦੀ 125ਵੀਂ ਜਯੰਤੀ 'ਤੇ ਕੀਤੀ ਗਈ ਸੀ।

## ਭਾਰਤ-ਓਮਾਨ ਸਬੰਧਾਂ ਦੇ ਸ਼ਿਲਪਕਾਰ ਕਾਬੂਸ



ਮਹਾਮਹਿਮ ਸੁਲਤਾਨ ਕਾਬੂਸ ਇੱਕ ਦੂਰਦਰਸ਼ੀ ਨੇਤਾ ਸਨ ਜਿਨ੍ਹਾਂ ਦੀ ਅੰਤਰਰਾਸ਼ਟਰੀ ਮੁੱਦਿਆਂ ਦੇ ਸਮਾਧਾਨ ਵਿੱਚ ਸੰਜਮ ਅਤੇ ਵਿਚੋਲਗੀ ਦੀ ਜੁੜਵਾਂ ਨੀਤੀ ਨੇ ਉਨ੍ਹਾਂ ਨੂੰ ਦੁਨੀਆ ਭਰ ਵਿੱਚ ਪ੍ਰਸ਼ੰਸਾ ਅਤੇ ਸਨਮਾਨ ਦਿਵਾਇਆ। ਉਨ੍ਹਾਂ ਨੇ ਵਿਭਿੰਨ ਖੇਤਰੀ ਵਿਵਾਦਾਂ ਅਤੇ ਸੰਘਰਸ਼ਾਂ ਵਿੱਚ ਸ਼ਾਂਤੀ ਯਤਨਾਂ ਦਾ ਸਮਰਥਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਮਹਾਮਹਿਮ ਸੁਲਤਾਨ ਕਾਬੂਸ ਭਾਰਤ ਅਤੇ ਓਮਾਨ ਦੇ ਦਰਮਿਆਨ ਵਿਸ਼ੇਸ਼ ਸੰਬਧਾਂ ਦੇ ਸ਼ਿਲਪਕਾਰ ਸਨ। ਉਨ੍ਹਾਂ ਨੇ ਭਾਰਤ ਵਿੱਚ ਪੜ੍ਹਾਈ ਕੀਤੀ ਸੀ ਅਤੇ ਹਮੇਸ਼ਾ ਭਾਰਤ ਨਾਲ ਇੱਕ ਵਿਸ਼ੇਸ਼ ਸਬੰਧ ਬਣਾਈ ਰੱਖਿਆ। ਉਨ੍ਹਾਂ ਦੀ ਅਗਵਾਈ ਵਿੱਚ ਭਾਰਤ ਅਤੇ ਓਮਾਨ ਰਣਨੀਤਕ ਭਾਈਵਾਲ ਬਣੇ।



# ਸਦਾ ਦੇਸ਼ ਦੀ ਸੇਵਾ ਵਿੱਚ...

" ਤੁਸੀਂ ਕੇਵਲ ਕਰੀਅਰ ਜਾਂ ਮਹਿਜ਼ ਨੌਕਰੀ ਲਈ ਇਸ ਪਥ 'ਤੇ ਨਹੀਂ ਆਏ ਹੋ। ਤੁਸੀਂ ਸੇਵਾ ਪਰਮੋ ਧਰਮ ਦੇ ਮੰਤਰ ਨਾਲ ਇੱਥੇ ਸੇਵਾ ਲਈ ਆਏ ਹੋ। ਤੁਹਾਡਾ ਇੱਕ ਕਦਮ, ਇੱਕ ਹਸਤਾਖਰ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰੇਗਾ। ਤੁਹਾਨੂੰ ਹਮੇਸ਼ਾ ਇਹ ਸੋਚਣਾ ਚਾਹੀਦਾ ਹੈ ਕਿ ਤੁਹਾਡਾ ਫੈਸਲਾ ਰਾਸ਼ਟਰ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰੇਗਾ।

— ਨਰੇਂਦਰ ਮੋਦੀ, ਪ੍ਰਧਾਨ ਮੰਤਰੀ (31 ਅਕਤੂਬਰ 2020)


**21 ਅਪ੍ਰੈਲ 1947 ਨੂੰ ਦਿੱਲੀ ਦੇ ਮੈਟਕੌਫ ਹਾਊਸ ਵਿੱਚ ਪ੍ਰਸ਼ਾਸਨਿਕ ਸੇਵਾ ਅਧਿਕਾਰੀਆਂ ਦੇ ਪਹਿਲੇ ਬੈਚ ਨੂੰ ਸੰਬੋਧਨ ਕਰਦੇ ਹੋਏ ਸਰਦਾਰ ਵੱਲਭ ਭਾਈ ਪਟੇਲ ਨੇ ਉਨ੍ਹਾਂ ਨੂੰ 'ਸਟੀਲ ਫ੍ਰੇਮ ਆਵ੍ ਇੰਡੀਆ' ਕਿਹਾ ਸੀ ਕਿਉਂਕਿ ਸਰਕਾਰ ਦੀਆਂ ਨੀਤੀਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ ਸਭ ਤੋਂ ਅਹਿਮ ਭੂਮਿਕਾ ਇਨ੍ਹਾਂ ਦੀ ਹੀ ਹੁੰਦੀ ਹੈ...**

ਕੁਦਰਤੀ ਆਪਦਾ ਨਾਲ ਖਰਾਬ ਹੋਣ ਵਾਲੀਆਂ ਫਸਲਾਂ 'ਤੇ ਉਚਿਤ ਮੁਆਵਜ਼ੇ ਲਈ ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ। ਲੇਕਿਨ ਇਸ ਯੋਜਨਾ ਨੂੰ ਜ਼ਮੀਨ 'ਤੇ ਉਤਾਰਨ ਦੀ ਜ਼ਿੰਮੇਵਾਰੀ ਸੀ ਜ਼ਿਲ੍ਹਾ ਪ੍ਰਸ਼ਾਸਨ ਦੀ ਅਤੇ ਤ੍ਰਿਪੁਰਾ ਦੇ ਪੱਛਮੀ ਤ੍ਰਿਪੁਰਾ ਜ਼ਿਲ੍ਹੇ ਦੇ ਪ੍ਰਸ਼ਾਸਨ ਨੇ ਇਸ ਮਾਮਲੇ ਵਿੱਚ ਉਮੀਦ ਤੋਂ ਵਧ ਕੇ ਕੰਮ ਕੀਤਾ। ਸੋਸ਼ਲ ਅਤੇ ਇਲੈਕਟ੍ਰੌਨਿਕ ਮੀਡੀਆ ਦੇ ਮਾਧਿਅਮ ਨਾਲ ਪ੍ਰਚਾਰ ਕਰਕੇ ਹਰ ਇੱਕ ਕਿਸਾਨ ਤੱਕ ਇਸ ਯੋਜਨਾ ਦੀ ਸਹੀ ਜਾਣਕਾਰੀ ਪਹੁੰਚਾਈ ਗਈ, ਤਾਕਿ ਉਹ ਇਸ ਦਾ ਲਾਭ ਸਹੀ ਤਰੀਕੇ ਨਾਲ ਲੈ ਸਕੇ। ਇਸੇ ਤਰ੍ਹਾਂ ਹਰਿਆਣਾ ਦੇ ਸੋਨੀਪਤ ਦਾ ਉਦਾਹਰਣ ਵੀ ਮਿਸਾਲੀ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਗਈ ਸਕਸ਼ਮ ਯੁਵਾ ਯੋਜਨਾ ਦਾ ਨਤੀਜਾ ਹੈ ਕਿ ਇੱਥੇ ਪਹਿਲਾਂ ਬਿਜਲੀ ਬਿਲ ਦਾ ਔਨਲਾਈਨ ਭੁਗਤਾਨ ਸਿਰਫ਼ 4% ਲੋਕ ਕਰਦੇ ਸਨ, ਹੁਣ ਉਨ੍ਹਾਂ ਦੀ ਸੰਖਿਆ 88% ਤੱਕ ਪਹੁੰਚ ਗਈ ਹੈ। ਡਿਜੀਟਲ ਭੁਗਤਾਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ 10 ਲੱਖ ਤੋਂ ਜ਼ਿਆਦਾ ਐੱਸਐੱਮਐੱਸ ਭੇਜੇ, ਵੀਡੀਓ ਅਤੇ ਸੋਸ਼ਲ ਮੀਡੀਆ ਜ਼ਰੀਏ ਵੀ ਪ੍ਰਚਾਰ ਕੀਤਾ ਗਿਆ। ਇਨ੍ਹਾਂ ਮਿਸਾਲੀ ਉਦਾਹਰਣਾਂ ਲਈ ਦੋਨਾਂ ਨੂੰ ਹੀ ਸਾਲ 2018 ਵਿੱਚ 'ਪ੍ਰਾਈਮ ਮਨਿਸਟਰ ਅਵਾਰਡ ਫਾਰ ਐਕਸੀਲੈਂਸ ਇਨ ਪਬਲਿਕ ਐਡਮਨਿਸਟ੍ਰੇਸ਼ਨ' ਵੀ ਦਿੱਤਾ ਗਿਆ ਹੈ।

**ਆਉਣ ਵਾਲੇ 25 ਸਾਲਾਂ ਵਿੱਚ ਆਲਮੀ ਪੱਧਰ 'ਤੇ ਭਾਰਤ ਦਾ ਸਥਾਨ ਕੀ ਹੋਵੇਗਾ, ਇਸ ਦੀ ਜ਼ਿੰਮੇਵਾਰੀ ਸਾਡੇ ਪ੍ਰਸ਼ਾਸਨਿਕ ਸੇਵਾ ਦੇ ਅਧਿਕਾਰੀਆਂ 'ਤੇ ਹੀ ਹੈ।**

ਦਰਅਸਲ, ਸਰਕਾਰ ਆਮ ਜਨ ਦੇ ਹਿਤ ਵਿੱਚ ਜੋ ਯੋਜਨਾਵਾਂ ਬਣਾਉਂਦੀ ਹੈ, ਉਨ੍ਹਾਂ ਨੂੰ ਜ਼ਮੀਨ 'ਤੇ ਉਤਾਰਨ ਦੀ ਜ਼ਿੰਮੇਵਾਰੀ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਹੀ ਹੁੰਦੀ ਹੈ। ਸਿਵਲ ਸੇਵਾ ਅਧਿਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਇੱਕ ਵਾਰ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ, 'ਬਿਊਰੋਕ੍ਰੇਸੀ ਅਤੇ ਸਿਸਟਮ, ਇਹ ਦੋ ਅਜਿਹੇ ਸ਼ਬਦ ਬਣ ਗਏ ਹਨ ਜਿਨ੍ਹਾਂ ਨੂੰ ਬੁਰੀ ਬਿਊਰੋਕ੍ਰੇਸੀ ਜਾਂ ਬੁਰਾ ਸਿਸਟਮ ਲਿਖਣ ਦੀ ਜ਼ਰੂਰਤ ਨਹੀਂ ਪੈਂਦੀ।'

ਇਸ ਅਕਸ ਨੂੰ ਤੋੜਨ ਦੀ ਸ਼ੁਰੂਆਤ ਸਾਲ 2014 ਤੋਂ ਹੋਈ ਸੀ। ਇਸੇ ਦੇ ਚਲਦੇ ਕੇਂਦਰੀ ਯੋਜਨਾਵਾਂ ਨੂੰ ਜਨ-ਜਨ ਤੱਕ ਪਹੁੰਚਾਉਣ ਵਿੱਚ ਸਫਲਤਾ ਮਿਲੀ ਹੈ। ਸਿਵਲ ਸਰਵਿਸ ਦਿਵਸ ਦੇ ਅਵਸਰ 'ਤੇ ਜਨ ਸੇਵਾ ਦੀ ਭਾਵਨਾ ਨਾਲ ਕੰਮ ਕਰਨ ਵਾਲਿਆਂ ਨੂੰ ਇਸ ਲਈ



**"ਲੋਕ ਸੇਵਾ ਸਰਕਾਰ ਦਾ ਸਭ ਤੋਂ ਪ੍ਰਤੱਖ 'ਚਿਹਰਾ' ਹੈ, ਕਿਉਂਕਿ ਤਮਾਮ ਸੇਵਾਵਾਂ ਲਈ ਨਾਗਰਿਕਾਂ ਦਾ ਪਾਲਾ ਉਨ੍ਹਾਂ ਨਾਲ ਹੀ ਪੈਂਦਾ ਹੈ। ਸਰਕਾਰ ਦਾ ਅਕਸ ਵੀ ਕਾਫ਼ੀ ਹੱਦ ਤੱਕ ਲੋਕ ਸੇਵਕਾਂ ਦੇ ਇਸੇ ਰੱਵਈਏ 'ਤੇ ਨਿਰਭਰ ਕਰਦਾ ਹੈ ਕਿ ਉਹ ਲੋਕਾਂ ਦੀਆਂ ਜ਼ਰੂਰਤਾਂ ਅਤੇ ਆਕਾਂਖਿਆਵਾਂ ਦੀ ਪੂਰਤੀ ਕਿਵੇਂ ਕਰਦੇ ਹਨ।**

**- ਸਰਦਾਰ ਵੱਲਭ ਭਾਈ ਪਟੇਲ**





**ਸਿਵਲ ਸੇਵਾ ਦਾ ਇਤਿਹਾਸ...** ਸਿਵਲ ਸੇਵਾ ਸ਼ਬਦ ਬ੍ਰਿਟਿਸ਼ ਕਾਲ ਵਿੱਚ ਆਇਆ ਸੀ ਅਤੇ ਇਸ ਸੇਵਾ ਵਿੱਚ ਕੰਮ ਕਰਨ ਵਾਲਿਆਂ ਨੂੰ 'ਲੋਕ ਸੇਵਕ' ਦੇ ਰੂਪ ਵਿੱਚ ਜਾਣਿਆ ਜਾਂਦਾ ਸੀ। ਇਸ ਦੀ ਨੀਂਹ ਵੌਰੇਨ ਹੇਸਟਿੰਗਸ ਨੇ ਰੱਖੀ ਸੀ। ਬਾਅਦ ਵਿੱਚ ਚਾਰਲਸ ਕਾਰਨਵੈਲਿਸ ਨੇ ਇਸ ਵਿੱਚ ਹੋਰ ਜ਼ਿਆਦਾ ਸੁਧਾਰ ਕੀਤੇ। ਪ੍ਰਸ਼ਾਸਨਿਕ ਵਿਵਸਥਾ ਸੰਭਾਲਣ ਵਾਲੀ ਬਿਉਰੋਕ੍ਰੇਸੀ ਅੰਗਰੇਜ਼ੀ ਰਾਜ ਤੋਂ ਮੁਕਤ ਹੋਈ ਅਤੇ ਸਰਦਾਰ ਵੱਲਭ ਭਾਈ ਪਟੇਲ ਨੇ ਇੰਡੀਅਨ ਸਿਵਲ ਸਰਵਿਸ ਤੋਂ ਇੰਡੀਅਨ ਐਡਮਨਿਸਟ੍ਰੇਟਿਵ ਸਰਵਿਸ ਦਾ ਗਠਨ ਕੀਤਾ।

## ਰਾਸ਼ਟਰੀ ਸਿਵਲ ਸੇਵਾ ਦਿਵਸ ਮਨਾਉਣ ਦਾ ਉਦੇਸ਼

- ਸਿਵਲ ਸੇਵਾ ਅਧਿਕਾਰੀਆਂ ਦੇ ਕਾਰਜ ਅਤੇ ਯਤਨਾਂ ਨੂੰ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਦੀ ਸ਼ਲਾਘਾ ਕਰਨਾ। ਕੇਂਦਰ ਸਰਕਾਰ ਇਸ ਅਵਸਰ ਦਾ ਉਪਯੋਗ ਸਿਵਲ ਸੇਵਾਵਾਂ ਤਹਿਤ ਵਿਭਿੰਨ ਵਿਭਾਗਾਂ ਦੇ ਕੰਮ ਦਾ ਮੁੱਲਾਂਕਣ ਕਰਨ ਲਈ ਕਰਦੀ ਹੈ।
- ਕੇਂਦਰ ਸਰਕਾਰ ਸਭ ਤੋਂ ਚੰਗਾ ਕੰਮ ਕਰਨ ਵਾਲੇ ਵਿਅਕਤੀਆਂ ਅਤੇ ਸਮੂਹਾਂ ਨੂੰ ਪੁਰਸਕਾਰ ਦਿੰਦੀ ਹੈ। ਇਸ ਦਿਨ ਜ਼ਿਆਦਾਤਰ ਕੇਂਦਰ ਅਤੇ ਰਾਜ ਸਰਕਾਰਾਂ ਦੇ ਅਧਿਕਾਰੀਆਂ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਲੋਕ ਪ੍ਰਸ਼ਾਸਨ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਅਸਾਧਾਰਣ ਸੇਵਾਵਾਂ ਲਈ ਸਨਮਾਨਿਤ ਕੀਤਾ ਜਾਂਦਾ ਹੈ।
- **ਸਰਕਾਰ ਨੇ ਭੂਮਿਕਾ ਅਧਾਰਿਤ ਅਪਰੋਚ 'ਤੇ ਬਹੁਤ ਜ਼ੋਰ ਦਿੱਤਾ ਹੈ। ਇਸ ਦੇ ਨਤੀਜੇ ਵੀ ਦਿਖਾਈ ਦੇ ਰਹੇ ਹਨ।** ਸਿਵਲ ਸਰਵਿਸਿਜ਼ ਵਿੱਚ ਸਮਰੱਥਾ ਨਿਰਮਾਣ ਲਈ ਨਵਾਂ ਆਕਰੀਟੈਕਚਰ ਖੜ੍ਹਾ ਹੋਇਆ ਹੈ। ਸਿੱਖਣ ਦੇ ਤੌਰ-ਤਰੀਕਿਆਂ ਦਾ ਲੋਕਤੰਤਰੀਕਰਨ ਹੋਇਆ ਹੈ। ਹਰ ਅਫ਼ਸਰ ਲਈ ਉਸ ਦੀ ਸਮਰੱਥਾ ਅਤੇ ਉਮੀਦ ਦੇ ਹਿਸਾਬ ਨਾਲ ਉਸ ਦੀ ਜ਼ਿੰਮੇਵਾਰੀ ਵੀ ਤੈਅ ਹੋ ਰਹੀ ਹੈ।

## ਇਸ ਤਰ੍ਹਾਂ ਹੋਇਆ ਪੁਰਸਕਾਰ ਵਿੱਚ ਬਦਲਾਅ

**ਹੁਣ ਪ੍ਰਮੁੱਖ ਪ੍ਰੋਗਰਾਮਾਂ ਅਤੇ ਇਨੋਵੇਸ਼ਨ ਦੀ ਕੈਟੇਗਰੀ ਵਿੱਚ ਵੀ ਪੁਰਸਕਾਰ ਦੀ ਵਿਵਸਥਾ ਕੀਤੀ ਗਈ ਹੈ। ਪ੍ਰਮੁੱਖ ਪ੍ਰੋਗਰਾਮਾਂ ਵਿੱਚ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ, ਦੀਨਦਿਆਲ ਉਪਾਧਿਆਇ ਕੌਸ਼ਲ ਯੋਜਨਾ, ਨਮਾਮਿ ਗੰਗੇ ਯੋਜਨਾ, ਪ੍ਰਧਾਨ ਮੰਤਰੀ ਆਵਾਸ ਯੋਜਨਾ ਅਤੇ ਡਿਜੀਟਲ ਭੁਗਤਾਨ ਜਿਹੇ ਪ੍ਰਾਥਮਿਕਤਾ ਵਾਲੇ ਪ੍ਰਮੁੱਖ ਪ੍ਰੋਗਰਾਮਾਂ ਲਈ ਵੀ ਪੁਰਸਕਾਰ ਦਿੱਤੇ ਗਏ ਹਨ। ਇਹ ਪ੍ਰਾਥਮਿਕਤਾ ਵਾਲੇ ਪ੍ਰੋਗਰਾਮ ਨਵੇਂ ਭਾਰਤ ਲਈ ਮਹੱਤਵਪੂਰਨ ਪ੍ਰੋਗਰਾਮ ਹਨ। ਜਿਨ੍ਹਾਂ ਯੋਜਨਾਵਾਂ ਲਈ ਸਨਮਾਨ ਦਿੱਤਾ ਜਾ ਰਿਹਾ ਹੈ, ਇਹ ਨਿਊ ਇੰਡੀਆ ਦੇ ਸਾਡੇ ਜੋ ਸੁਪਨੇ ਹਨ, ਉਨ੍ਹਾਂ ਨੂੰ ਪੂਰਾ ਕਰਨ ਲਈ ਬਹੁਤ ਮਹੱਤਵਪੂਰਨ ਹੈ।**

'ਪ੍ਰਾਈਮ ਮਨਿਸਟਰ ਅਵਾਰਡ ਫਾਰ ਐਕਸੀਲੈਂਸ ਇਨ ਪਬਲਿਕ ਐਡਮਨਿਸਟ੍ਰੇਸ਼ਨ' ਪੁਰਸਕਾਰ ਵੀ ਦਿੱਤਾ ਜਾਂਦਾ ਹੈ। ਵੈਸੇ ਤਾਂ ਸਿਵਲ ਸੇਵਾ ਦਿਵਸ ਕਈ ਸਾਲਾਂ ਤੋਂ ਮਨਾਇਆ ਜਾ ਰਿਹਾ ਹੈ, ਲੇਕਿਨ 2014 ਦੇ ਬਾਅਦ ਤੋਂ ਇਸ ਦੇ ਸਰੂਪ ਵਿੱਚ ਬਹੁਤ ਤਬਦੀਲੀ ਆਈ ਹੈ। ਹੁਣ ਇਹ ਅਕੈਡਮਿਕ ਕੈਲੰਡਰ ਆਵ੍ ਇੰਡੀਆ ਦਾ ਬਹੁਤ ਮਹੱਤਵਪੂਰਨ ਦਿਵਸ ਬਣ ਗਿਆ ਹੈ। ਇਸ ਵਿੱਚ ਅਲੱਗ-ਅਲੱਗ ਸੈਸ਼ਨਾਂ ਵਿੱਚ ਅਲੱਗ-ਅਲੱਗ ਵਿਸ਼ਿਆਂ 'ਤੇ ਚਰਚਾ ਆਯੋਜਿਤ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਪੁਰਸਕਾਰਾਂ ਦੀ ਸ਼੍ਰੇਣੀ ਵਿੱਚ ਵੀ ਤਬਦੀਲੀ ਕੀਤੀ ਗਈ ਹੈ। ਪਹਿਲਾਂ ਕਿਸੇ ਅਧਿਕਾਰੀ ਨੂੰ ਉਨ੍ਹਾਂ ਦੇ ਪ੍ਰਦਰਸ਼ਨ ਦੇ ਅਧਾਰ 'ਤੇ ਪੁਰਸਕਾਰ ਦਿੱਤੇ ਜਾਂਦੇ ਸਨ, ਲੇਕਿਨ ਹੁਣ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮਾਂ ਦੇ ਅਧਾਰ 'ਤੇ ਵੀ ਪੁਰਸਕਾਰ ਦਿੱਤੇ ਜਾਣ ਲਗੇ ਹਨ। ਇਹੀ ਕਾਰਨ ਹੈ ਕਿ ਸਾਲ 2016 ਵਿੱਚ ਜਿੱਥੇ 74 ਜ਼ਿਲ੍ਹਿਆਂ ਤੋਂ ਪ੍ਰਸਤਾਵ ਪ੍ਰਾਪਤ ਹੋਏ ਸਨ, ਉੱਥੇ ਹੀ 2017 ਵਿੱਚ 599 ਜ਼ਿਲ੍ਹਿਆਂ ਨੇ ਇਸ ਵਿੱਚ ਹਿੱਸਾ ਲਿਆ ਅਤੇ ਸਾਲ 2018 ਵਿੱਚ ਇਹ ਸੰਖਿਆ ਵਧ ਕੇ 643 ਹੋ ਗਈ। 2017 ਵਿੱਚ 599 ਜ਼ਿਲ੍ਹਿਆਂ ਤੋਂ 2345 ਪ੍ਰਸਤਾਵ ਆਏ ਸਨ ਜਦਕਿ 2018 ਵਿੱਚ 643 ਜ਼ਿਲ੍ਹਿਆਂ ਤੋਂ 3009 ਪ੍ਰਸਤਾਵ ਆਏ। ਇਨ੍ਹਾਂ ਵਿੱਚੋਂ 999 ਯਾਨੀ ਇੱਕ ਤਿਹਾਈ ਪ੍ਰਸਤਾਵ ਕੇਵਲ ਇਨੋਵੇਸ਼ਨ ਕੈਟੇਗਰੀ ਵਿੱਚ ਆਏ ਸਨ। ਸਾਲ 2020 ਵਿੱਚ ਦੇਸ਼ ਦੇ ਕੁੱਲ 736 ਜ਼ਿਲ੍ਹਿਆਂ ਵਿੱਚੋਂ 702 ਜ਼ਿਲ੍ਹਿਆਂ ਨੇ ਇਸ ਵਿੱਚ ਹਿੱਸਾ ਲਿਆ। ●

# ਜ਼ਿੰਦਗੀ ਤੇ ਵਾਤਾਵਰਣ ਬਚਾਉਣ ਦੀ ਅਨੋਖੀ ਪਹਿਲ



**ਜੀਵਨ ਦੇ ਨਾਲ-ਨਾਲ ਵਾਤਾਵਰਣ ਦਾ ਆਪਣਾ ਇੱਕ ਅਲੱਗ ਮਹੱਤਵ ਹੈ। ਅਜਿਹੇ ਵਿੱਚ ਇਸ ਦੀ ਅਹਿਮੀਅਤ ਕਾਫ਼ੀ ਵਧ ਜਾਂਦੀ ਹੈ ਅਤੇ ਇਸ ਨੂੰ ਬਚਾਉਣਾ ਕਾਫ਼ੀ ਮਹੱਤਵਪੂਰਨ ਹੋ ਜਾਂਦਾ ਹੈ। ਜ਼ਿੰਦਗੀ ਬਚਾਉਣ ਦੇ ਇਸੇ ਕੰਮ ਵਿੱਚ ਲਗੇ ਹੋਏ ਹਨ ਰਾਘਵੇਂਦਰ ਜੋ ਲੋਕਾਂ ਨੂੰ ਹੈਲਮਟਾਂ ਵੰਡ ਕੇ ਦੁਰਘਟਨਾ ਤੋਂ ਬਚਾ ਰਹੇ ਹਨ। ਉੱਥੇ ਹੀ, ਐੱਨ. ਐੱਸ. ਰਾਜੱਪਨ ਝੀਲ ਤੋਂ ਕਚਰਾ ਕੱਢ ਕੇ ਜੁਟੇ ਹਨ ਵਾਤਾਵਰਣ ਬਚਾਉਣ ਦੇ ਕੰਮ 'ਚ...**

## ਕਿਤਾਬ ਦੇ ਬਦਲੇ ਹੈਲਮਟ ਦੇ ਕੇ ਬਚਾ ਰਹੇ ਲੋਕਾਂ ਦੀ ਜ਼ਿੰਦਗੀ



ਇੱਕ ਸੜਕ ਦੁਰਘਟਨਾ ਵਿੱਚ ਆਪਣੇ ਦੋਸਤ ਨੂੰ ਗੁਆਉਣ ਦੇ ਬਾਅਦ ਰਾਘਵੇਂਦਰ ਹਾਦਸੇ ਤੋਂ ਲੋਕਾਂ ਦੀ ਜਾਨ ਬਚਾਉਣ ਲਈ ਵਾਰਾਣਸੀ ਵਿੱਚ ਲੋਕਾਂ ਨੂੰ ਹੈਲਮਟਾਂ ਦੇਣ ਦੇ ਕੰਮ ਵਿੱਚ ਜੁਟੇ ਹੋਏ ਹਨ। ਉਨ੍ਹਾਂ ਦੇ ਇਸ ਕੰਮ ਕਾਰਨ ਹੁਣ ਲੋਕ ਉਨ੍ਹਾਂ ਨੂੰ ਹੈਲਮਟ ਮੈਨ ਦੇ ਨਾਮ ਨਾਲ ਪੁਕਾਰਦੇ ਹਨ ਅਤੇ ਲੋਕਾਂ ਦੇ ਦਰਮਿਆਨ ਉਨ੍ਹਾਂ ਦੀ ਚਰਚਾ ਹੋਣ ਲਗੀ ਹੈ। ਲੋਕਾਂ ਨੂੰ ਹੈਲਮਟ ਦੇਣ ਦੇ ਬਦਲੇ ਵਿੱਚ ਰਾਘਵੇਂਦਰ ਕਿਤਾਬ ਲੈਂਦੇ ਹਨ। ਇੰਨਾ ਹੀ ਨਹੀਂ ਉਹ ਲੋਕਾਂ ਨੂੰ ਹੈਲਮਟ ਦੇ ਕੇ ਕਸਮ ਵੀ ਦਿਵਾਉਂਦੇ ਹਨ ਕਿ ਬਿਨਾ ਹੈਲਮਟ ਵਾਹਨ ਨਹੀਂ ਚਲਾਵਾਂਗੇ ਅਤੇ ਦੂਸਰਿਆਂ ਨੂੰ ਹੈਲਮਟ ਪਹਿਨਣ ਲਈ ਜਾਗਰੂਕ ਕਰਨਗੇ। ਦਰਅਸਲ, ਇੱਕ ਸੜਕ ਦੁਰਘਟਨਾ ਵਿੱਚ ਰਾਘਵੇਂਦਰ ਦੇ ਦੋਸਤ ਦੀ ਮੌਤ ਹੋ ਗਈ ਸੀ ਅਤੇ ਉਸ ਨੇ ਹੈਲਮਟ ਨਹੀਂ ਪਹਿਨਿਆ ਹੋਇਆ ਸੀ। ਇਸ ਘਟਨਾ ਨੇ ਰਾਘਵੇਂਦਰ ਨੂੰ ਇਸ ਕਦਰ ਝੰਜੋੜ ਦਿੱਤਾ ਕਿ ਉਨ੍ਹਾਂ ਨੇ ਤੈਅ ਕੀਤਾ ਕਿ ਉਹ ਲੋਕਾਂ ਨੂੰ ਇਸ ਨੂੰ ਲੈ ਕੇ ਜਾਗਰੂਕ ਕਰਨਗੇ। ਅਜਿਹੇ ਵਿੱਚ ਉਨ੍ਹਾਂ ਨੇ ਨੌਕਰੀ ਛੱਡ ਦਿੱਤੀ ਅਤੇ ਲੋਕਾਂ ਨੂੰ ਮੁਫ਼ਤ ਵਿੱਚ ਹੈਲਮਟ ਵੰਡਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਇੱਕ ਅਨੁਮਾਨ ਦੇ ਮੁਤਾਬਕ ਦੇਸ਼ ਵਿੱਚ ਹਰ ਸਾਲ ਸੜਕ ਦੁਰਘਟਨਾ ਵਿੱਚ ਡੇਢ ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਜਿਨ੍ਹਾਂ ਵਿੱਚੋਂ 50 ਹਜ਼ਾਰ ਲੋਕ ਅਜਿਹੇ ਹਨ ਜੋ ਬਿਨਾ ਹੈਲਮਟ ਦੇ ਸੜਕ ਦੁਰਘਟਨਾ ਵਿੱਚ ਮਾਰੇ ਜਾਂਦੇ ਹਨ। ●

## ਝੀਲ ਤੋਂ ਕਚਰਾ ਕੱਢ ਕੇ ਵਾਤਾਵਰਣ ਬਚਾ, ਸੰਵਾਰ ਰਹੇ ਹਨ ਲੋਕਾਂ ਦੀ ਜ਼ਿੰਦਗੀ



ਕੇਰਲ ਦੇ ਕੋਟਯਮ ਦੇ ਨਿਵਾਸੀ ਐੱਨ. ਐੱਸ. ਰਾਜੱਪਨ ਦਿੱਵਯਾਂਗ ਹਨ ਅਤੇ ਚਲਣ ਦੇ ਅਸਮਰੱਥ ਹਨ। ਬਾਵਜੂਦ ਇਸ ਦੇ ਉਹ ਪਿਛਲੇ ਛੇ ਸਾਲਾਂ ਤੋਂ ਹਰ ਰੋਜ਼ ਕਿਸ਼ਤੀ ਵਿੱਚ ਬੈਠ ਕੇ ਵੈਂਬਨਾਡ ਝੀਲ ਵਿੱਚ ਜਾਂਦੇ ਹਨ ਅਤੇ ਉੱਥੋਂ ਪਲਾਸਟਿਕ ਦਾ ਕਚਰਾ ਕੱਢ ਕੇ ਬਾਹਰ ਸੁੱਟਦੇ ਹਨ। ਰਾਜੱਪਨ ਦੇ ਗੋਡੇ ਦੇ ਹੇਠ ਦਾ ਹਿੱਸਾ ਪੈਰਾਲਾਈਜ਼ਡ ਹੈ ਜਿਸ ਕਾਰਨ ਉਹ ਚਲ ਨਹੀਂ ਸਕਦੇ। ਬਾਵਜੂਦ ਇਸ ਦੇ ਉਹ ਆਪਣੇ ਹੱਥ ਦੇ ਸਹਾਰੇ ਅੱਗੇ ਵਧਦੇ ਹਨ ਅਤੇ ਝੀਲ ਤੋਂ ਕਚਰਾ ਬਾਹਰ ਕੱਢਦੇ ਹਨ। ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਐੱਨ. ਐੱਸ. ਰਾਜੱਪਨ ਦੇ ਕੰਮ ਅਤੇ ਸਵੱਛਤਾ ਪ੍ਰਤੀ ਉਨ੍ਹਾਂ ਦੀ ਪ੍ਰਤੀਬੱਧਤਾ ਦੀ ਸ਼ਲਾਘਾ ਕੀਤੀ ਸੀ। ਦਰਅਸਲ, ਵੈਂਬਨਾਡ ਝੀਲ ਦੀ ਸੁੰਦਰਤਾ ਦੁਨੀਆ ਭਰ ਦੇ ਸੈਲਾਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ। ਰਾਜੱਪਨ ਦੀ ਅਣਥੱਕ ਮਿਹਨਤ ਅਤੇ ਲਗਨ ਦਾ ਹੀ ਨਤੀਜਾ ਹੈ ਕਿ ਝੀਲ ਅੱਜ ਸਵੱਛਤਾ ਦਾ ਪ੍ਰਤੀਕ ਬਣ ਗਈ ਹੈ। ਆਪਣੇ ਕੰਮ ਕਾਰਨ ਐੱਨ. ਐੱਸ. ਰਾਜੱਪਨ ਅੱਜ ਹੋਰ ਲੋਕਾਂ ਲਈ ਪ੍ਰੇਰਣਾ ਦਾ ਸਰੋਤ ਬਣ ਗਏ ਹਨ। ●




# 67ਵਾਂ ਰਾਸ਼ਟਰੀ ਫਿਲਮ ਪੁਰਸਕਾਰ-2019

**67ਵੇਂ ਰਾਸ਼ਟਰੀ ਫਿਲਮ ਪੁਰਸਕਾਰ ਦਾ ਐਲਾਨ 3 ਮਈ 2020 ਨੂੰ ਹੀ ਹੋਣਾ ਸੀ, ਲੇਕਿਨ ਕੋਰੋਨਾ ਮਹਾਮਾਰੀ ਕਾਰਨ ਇਸ ਨੂੰ ਇੱਕ ਸਾਲ ਲਈ ਅੱਗੇ ਵਧਾ ਦਿੱਤਾ ਗਿਆ। 22 ਮਾਰਚ 2021 ਨੂੰ ਰਾਸ਼ਟਰੀ ਫਿਲਮ ਪੁਰਸਕਾਰਾਂ ਦੀ ਜਿਊਰੀ ਨੇ 2019 ਲਈ ਰਾਸ਼ਟਰੀ ਫਿਲਮ ਪੁਰਸਕਾਰਾਂ ਦਾ ਐਲਾਨ ਕੀਤਾ...**



## ਕੰਗਨਾ ਰਨੌਤ

**ਸਰਬਸ੍ਰੇਸ਼ਠ ਅਭਿਨੇਤਰੀ, ਮਣੀਕਰਣਿਕਾ-ਦ ਕੁਈਨ ਆਵ੍ ਝਾਂਸੀ ਅਤੇ ਫਿਲਮ ਪੰਗਾ**

ਕੰਗਨਾ ਨੇ ਜਿੱਥੇ ਮਣੀਕਰਣਿਕਾ ਫਿਲਮ ਵਿੱਚ ਅਭਿਨੈ ਅਤੇ ਨਿਰਦੇਸ਼ਨ ਦੋਵੇਂ ਕੀਤੇ ਹਨ, ਉੱਥੇ ਹੀ ਉਹ ਫਿਲਮ ਪੰਗਾ ਵਿੱਚ ਇੱਕ ਕਲਾਕਾਰ ਦੀ ਭੂਮਿਕਾ ਵਿੱਚ ਹੈ। ਇਸ ਤੋਂ ਪਹਿਲਾਂ ਕੰਗਨਾ ਰਨੌਤ ਸਰਬਸ੍ਰੇਸ਼ਠ ਅਭਿਨੇਤਰੀ ਦੀ ਸ਼੍ਰੇਣੀ ਵਿੱਚ ਤਿੰਨ ਵਾਰ ਰਾਸ਼ਟਰੀ ਫਿਲਮ ਪੁਰਸਕਾਰ ਜਿੱਤ ਚੁੱਕੀ ਹੈ।



**ਮੋਸਟ ਫਿਲਮ ਫ੍ਰੈਂਡਲੀ ਸਟੇਟ**

**ਸਿੱਕਿਮ**







**ਮਨੋਜ ਵਾਜਪੇਈ :** ਸਰਬਸ੍ਰੇਸ਼ਠ ਅਭਿਨੇਤਾ, ਫਿਲਮ ਭੋਂਸਲੇ ਦੇ ਲਈ

**ਧਨੁਸ਼ :** ਸਰਬਸ੍ਰੇਸ਼ਠ ਅਭਿਨੇਤਾ, ਫਿਲਮ ਅਸੁਰਨ ਦੇ ਲਈ

**ਵਿਜੈ ਸੇਤੁਪਤੀ**
ਸਰਬਸ੍ਰੇਸ਼ਠ ਸਹਿ ਅਭਿਨੇਤਾ, ਤਮਿਲ ਫਿਲਮ ਸੁਪਰ ਡੀਲਕਸ ਦੇ ਲਈ

**ਪੱਲਵੀ ਜੋਸ਼ੀ:** ਸਰਬਸ੍ਰੇਸ਼ਠ ਸਹਿ ਅਭਿਨੇਤ੍ਰੀ ਦ ਤਾਸ਼ਕੰਦ ਫਾਈਲਸ ਦੇ ਲਈ

**ਬੀ. ਪ੍ਰਾਕ :** ਸਰਬਸ੍ਰੇਸ਼ਠ ਪੁਰਸ਼ ਪਲੇਬੈਕ ਸਿੰਗਰ, ਫਿਲਮ ਕੇਸਰੀ, ਗੀਤ: ਤੇਰੀ ਮਿੱਟੀ ਮੇਂ...

**ਸਵਾਨੀ ਰਵਿੰਦਰਾ:** ਸਰਬਸ੍ਰੇਸ਼ਠ ਮਹਿਲਾ ਪਲੇਬੈਕ ਸਿੰਗਰ ਮਰਾਠੀ ਫਿਲਮ ਬਾਰਦੋਹ ਮੇ ਰੰਨ ਪੇਤਾਲਾ ਗੀਤ ਦੇ ਲਈ

**ਸਰਬਸ੍ਰੇਸ਼ਠ ਹਿੰਦੀ ਫਿਲਮ:** ਸੁਸ਼ਾਂਤ ਸਿੰਘ ਰਾਜਪੂਤ ਦੇ ਲੀਡ ਰੋਲ ਵਾਲੀ ਫਿਲਮ 'ਛਿਛੋਰੇ'

***ਪੁਰਸਕਾਰਾਂ ਦੀ ਪੂਰੀ ਸੂਚੀ ਦੇਖਣ ਲਈ ਲਿੰਕ 'ਤੇ ਜਾਓ***
https://static.pib.gov.in/WriteReadData/specificdocs/documents/2021/mar/doc202132211.pdf



## ਥਲਾਇਵਾ ਨੂੰ ਦਾਦਾ ਸਾਹੇਬ ਫਾਲਕੇ ਪੁਰਸਕਾਰ

ਦੱਖਣ ਭਾਰਤ ਅਤੇ ਫਿਲਮ ਦੁਨੀਆ ਵਿੱਚ ਥਲਾਇਵਾ ਦੇ ਨਾਮ ਨਾਲ ਮਸ਼ਹੂਰ ਰਜਨੀਕਾਂਤ ਨੂੰ ਸਾਲ 2019 ਲਈ 51ਵਾਂ ਦਾਦਾ ਸਾਹੇਬ ਫਾਲਕੇ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਖਾਸ ਗੱਲ ਇਹ ਹੈ ਕਿ 5 ਮੈਂਬਰੀ ਜਿਊਰੀ ਨੇ ਸਰਬਸੰਮਤੀ ਨਾਲ ਉਨ੍ਹਾਂ ਦੇ ਨਾਮ ਦੀ ਚੋਣ ਕੀਤੀ। ਇਹ ਅਵਾਰਡ ਭਾਰਤ ਦੀ ਪਹਿਲੀ ਫਿਲਮ ਹਰੀਸ਼ਚੰਦਰ ਬਣਾਉਣ ਵਾਲੇ ਦਾਦਾ ਸਾਹੇਬ ਫਾਲਕੇ ਦੇ ਨਾਮ 'ਤੇ ਹਰ ਸਾਲ ਕੇਂਦਰ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਟਵੀਟ ਕਰਕੇ ਕਿਹਾ, "ਕਈ ਪੀੜ੍ਹੀਆਂ ਵਿੱਚ ਮਕਬੂਲ। ਵਿਭਿੰਨ ਭੂਮਿਕਾਵਾਂ ਨਿਭਾਉਣ ਵਾਲੇ। ਇੱਕ ਸਥਾਈ ਵਿਅਕਤਿੱਤਵ...ਤੁਹਾਡੇ ਲਈ ਰਜਨੀਕਾਂਤ ਹੋ ਸਕਦਾ ਹੈ। ਉਨ੍ਹਾਂ ਨੂੰ ਵਧਾਈ!!!!"



# ਕਚਰੇ ਤੋਂ ਕੰਚਨ ਤਾਂ ਸਭ ਨੇ ਸੁਣਿਆ ਹੈ, ਹੁਣ ਕਚਰੇ ਨੂੰ ਹੋਰ ਕੀਮਤੀ ਬਣਾਉਣ ਦਾ ਵੀ ਕੰਮ ਕੀਤਾ ਜਾ ਰਿਹਾ ਹੈ

*ਇਹ ਮਹਿਜ਼ ਸੰਜੋਗ ਹੈ ਕਿ ਜਦੋਂ ਦੇਸ਼ ਆਜ਼ਾਦੀ ਦੇ 75 ਸਾਲ ਦਾ ਜਸ਼ਨ 'ਅੰਮ੍ਰਿਤ ਮਹੋਤਸਵ' ਮਨਾ ਰਿਹਾ ਹੈ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਦੇਸ਼ ਦੇ ਲੋਕਾਂ ਨਾਲ ਦਿਲੋਂ ਮਾਸਿਕ ਸੰਵਾਦ ਦੇ ਪ੍ਰੋਗਰਾਮ - 'ਮਨ ਕੀ ਬਾਤ' ਦੇ 75 ਐਪੀਸੋਡ ਪੂਰੇ ਹੋਏ ਹਨ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਪ੍ਰਧਾਨ ਮੰਤਰੀ ਨੇ ਜਨਤਾ ਦਾ ਆਭਾਰ ਜਤਾਇਆ ਅਤੇ ਇਸ ਕੜੀ ਵਿੱਚ ਕੋਰੋਨਾ ਖ਼ਿਲਾਫ਼ ਜੰਗ, ਨਾਰੀ ਸ਼ਕਤੀ ਦੀ ਪ੍ਰੇਰਣਾ ਸਮੇਤ ਕਈ ਅਜਿਹੀਆਂ ਪ੍ਰੇਰਕ ਕਹਾਣੀਆਂ ਨੂੰ ਵੀ ਉਨ੍ਹਾਂ ਨੇ ਸਾਂਝਾ ਕੀਤਾ ਜੋ ਆਤਮਨਿਰਭਰ ਅਭਿਯਾਨ ਦੇ ਦੌਰ ਵਿੱਚ ਲੋਕਾਂ ਦਾ ਦ੍ਰਿਸ਼ਟੀਕੋਣ ਬਦਲ ਰਹੀਆਂ ਹਨ...*

- **ਜਨਤਾ ਕਰਫਿਊ:** ਪਿਛਲੇ ਸਾਲ ਮਾਰਚ ਵਿੱਚ ਜਨਤਾ ਨੇ ਕਰਫਿਊ ਬਾਰੇ ਸੁਣਿਆ ਸੀ ਜੋ ਅਨੁਸ਼ਾਸਨ ਦਾ ਇੱਕ ਬੇਮਿਸਾਲ ਉਦਾਹਰਣ ਸੀ। ਅੱਜ ਇਹ ਮਾਣ ਦੀ ਗੱਲ ਹੈ ਕਿ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਟੀਕਾਕਰਣ ਮੁਹਿੰਮ ਚਲਾ ਰਿਹਾ ਹੈ। ਸਾਡੇ ਕੋਰੋਨਾ ਜੋਧਿਆਂ ਲਈ ਸਨਮਾਨ, ਥਾਲੀਆਂ ਵਜਾਉਣਾ, ਤਾਲੀਆਂ ਵਜਾਉਣਾ, ਦੀਪ ਜਗਾਉਣਾ। ਤੁਹਾਨੂੰ ਅੰਦਾਜ਼ਾ ਨਹੀਂ ਹੈ ਕਿ ਇਸ ਸਭ ਨੇ ਕੋਰੋਨਾ ਜੋਧਿਆਂ ਦੇ ਦਿਲਾਂ ਨੂੰ ਕਿੰਨਾ ਛੂਹ ਲਿਆ ਸੀ।
- **ਅੰਮ੍ਰਿਤ ਮਹੋਤਸਵ:** ਅੰਮ੍ਰਿਤ ਮਹੋਤਸਵ ਦਾਂਡੀ ਯਾਤਰਾ ਦੇ ਦਿਨ ਤੋਂ ਸ਼ੁਰੂ ਹੋਇਆ ਸੀ ਅਤੇ 15 ਅਗਸਤ 2023 ਤੱਕ ਚਲੇਗਾ। ਸੁਤੰਤਰਤਾ ਸੰਗ੍ਰਾਮ ਵਿੱਚ ਸਾਡੇ ਸੈਨਾਨੀਆਂ ਨੇ ਦੇਸ਼ ਲਈ ਅਣਗਿਣਤ ਕਸ਼ਟ ਝੱਲੇ ਹਨ। ਉਨ੍ਹਾਂ ਦੇ ਤਿਆਗ ਅਤੇ ਬਲੀਦਾਨ ਦੀਆਂ ਅਮਰ ਗਾਥਾਵਾਂ ਸਾਨੂੰ ਕਰਤੱਵ ਪਥ 'ਤੇ ਲੈ ਜਾਣ ਲਈ ਪ੍ਰੇਰਿਤ ਕਰਦੀਆਂ ਹਨ।
- **ਨਾਰੀ ਸ਼ਕਤੀ:** ਭਾਰਤ ਦੀ ਨਾਰੀ ਸ਼ਕਤੀ ਦੇ ਲਈ ਖੇਡ ਇੱਕ ਪਸੰਦੀਦਾ ਵਿਕਲਪ ਹੈ। ਹਾਲ ਹੀ ਵਿੱਚ ਕ੍ਰਿਕਟਰ ਮਿਤਾਲੀ ਰਾਜ 10 ਹਜ਼ਾਰ ਰਨ ਬਣਾਉਣ ਵਾਲੀ ਪਹਿਲੀ ਭਾਰਤੀ ਮਹਿਲਾ ਕ੍ਰਿਕਟਰ ਬਣੀ। ਅੱਜ ਸਿੱਖਿਆ ਤੋਂ ਲੈ ਕੇ ਉੱਦਮਤਾ, ਹਥਿਆਰਬੰਦ ਬਲਾਂ, ਵਿਗਿਆਨ ਅਤੇ ਟੈਕਨੋਲੋਜੀ ਤੱਕ, ਦੇਸ਼ ਦੀਆਂ ਬੇਟੀਆਂ ਹਰ ਜਗ੍ਹਾ ਇੱਕ ਅਲੱਗ ਮੁਕਾਮ ਬਣਾ ਰਹੀਆਂ ਹਨ।
- **ਸਵੀਟ ਰੈਵੋਲਿਊਸ਼ਨ:** ਬੀ-ਫਾਰਮਿੰਗ ਸਵੀਟ ਰੈਵੋਲਿਊਸ਼ਨ ਲਈ ਮੋਹਰੀ ਭੂਮਿਕਾ ਵਿੱਚ ਹੈ। ਇਹ ਆਤਮਨਿਰਭਰ ਭਾਰਤ ਦੇ ਨਿਰਮਾਣ ਵਿੱਚ ਮਦਦ ਕਰ ਰਿਹਾ ਹੈ। ਬਨਾਸਕਾਂਠਾ ਵਿੱਚ ਕਿਸਾਨਾਂ ਨੇ ਇੱਕ ਨਵਾਂ ਅਧਿਆਇ ਲਿਖਿਆ ਹੈ ਅਤੇ ਅੱਜ ਇਹ ਹਨੀ (ਸ਼ਹਿਦ) ਉਤਪਾਦਨ ਦਾ ਇੱਕ ਪ੍ਰਮੁੱਖ ਕੇਂਦਰ ਬਣ ਗਿਆ ਹੈ। ਪੂਰੀ ਦੁਨੀਆ ਆਯੁਰਵੇਦ ਅਤੇ ਕੁਦਰਤੀ ਸਿਹਤ ਉਤਪਾਦਾਂ ਵੱਲ ਦੇਖ ਰਹੀ ਹੈ ਅਤੇ ਸ਼ਹਿਦ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ ਜਿਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਇਆ ਹੈ।
- **ਲਾਈਟ ਹਾਊਸ ਟੂਰਿਜ਼ਮ:** ਟੂਰਿਜ਼ਮ ਨੂੰ ਪ੍ਰੋਤਸਾਹਨ ਦੇਣ ਲਈ 71 ਲਾਈਟ ਹਾਊਸਾਂ ਦੀ ਪਹਿਚਾਣ ਕੀਤੀ ਗਈ ਹੈ। ਇਨ੍ਹਾਂ ਵਿੱਚ ਅਜਾਇਬ ਘਰ, ਕੈਫੇਟੇਰੀਆ, ਚਿਲਡਰਨ ਪਾਰਕ ਆਦਿ ਨੂੰ ਉਨ੍ਹਾਂ ਦੀਆਂ ਸਮਰੱਥਾਵਾਂ ਦੇ ਅਨੁਸਾਰ ਬਣਾਇਆ ਜਾਵੇਗਾ। ਗੁਰੂ ਪ੍ਰਸਾਦ ਜੀ ਨੇ 2019 ਵਿੱਚ ਚੇਨਈ ਅਤੇ ਮਹਾਬਲੀਪੁਰਮ ਲਾਈਟ ਹਾਊਸ ਦੇ ਹੈਰੀਟੇਜ ਮਿਊਜ਼ੀਅਮ ਦੀ ਯਾਤਰਾ ਬਾਰੇ ਗੱਲ ਕੀਤੀ, ਜੋ ਮਰੀਨ ਨੈਵੀਗੇਸ਼ਨ ਦੇ ਇਤਿਹਾਸ ਨੂੰ ਸਾਹਮਣੇ ਲਿਆਉਂਦਾ ਹੈ।
- **ਪ੍ਰੇਰਕ ਕਹਾਣੀਆਂ:** ਕੁਝ ਹੀ ਦਿਨ ਪਹਿਲਾਂ ਵਿਸ਼ਵ ਚਿੜੀ ਦਿਵਸ ਮਨਾਇਆ ਗਿਆ ਹੈ। ਬਨਾਰਸ ਦੇ ਰਹਿਣ ਵਾਲੇ ਇੰਦਰਪਾਲ ਸਿੰਘ ਬੱਤਰਾ ਜੀ ਨੇ ਆਪਣੇ ਘਰ ਵਿੱਚ ਲੱਕੜੀ ਦੇ ਅਜਿਹੇ ਆਲ੍ਹਣੇ ਬਣਾਏ ਹਨ ਜਿਨ੍ਹਾਂ ਵਿੱਚ ਚਿੜੀਆਂ ਅਸਾਨੀ ਨਾਲ ਰਹਿ ਸਕਣ।

  **ਕਾਰਬੀ ਭਾਸ਼ਾ:** ਕਾਰਬੀ ਐਂਗਲਾਂਗ ਪਿੰਡ ਦੇ ਰਹਿਣ ਵਾਲੇ ਸਿਕਾਰੀ ਟਿਸੋ ਪਿਛਲੇ 20 ਸਾਲ ਤੋਂ ਕਾਰਬੀ ਭਾਸ਼ਾ ਨੂੰ ਸਹੇਜਣ ਦਾ ਕੰਮ ਕਰ ਰਹੇ ਹਨ ਜਿਸ ਨਾਲ ਕਾਰਬੀ ਭਾਸ਼ਾ ਮੁੜ ਮੁੱਖ ਧਾਰਾ ਵਿੱਚ ਵਾਪਸ ਆ ਗਈ ਹੈ।

  **ਕਚਰੇ ਤੋਂ ਕੰਚਨ:** ਵਿਜੈਵਾੜਾ ਦੇ ਪ੍ਰੋ. ਸ਼੍ਰੀਨਿਵਾਸ ਪਦਕਾਂਡਲਾ ਜੀ ਨੇ ਆਟੋਮੋਬਾਈਲ ਸਕ੍ਰੈਪ ਨਾਲ ਮੂਰਤੀਆਂ (ਸਕਲਪਚਰ) ਬਣਾਏ ਹਨ। ਇਹ ਵਿਸ਼ਾਲ ਮੂਰਤੀਆਂ ਜਨਤਕ ਪਾਰਕਾਂ ਵਿੱਚ ਲਗਾਈਆਂ ਗਈਆਂ ਹਨ ਅਤੇ ਲੋਕ ਉਤਸ਼ਾਹ ਨਾਲ ਦੇਖਣ ਆਉਂਦੇ ਹਨ। ਕੇਰਲ ਵਿੱਚ ਕੋਚੀ ਦੇ ਸੇਂਟ ਟੈਰੇਸਾ ਕਾਲਜ ਦੇ ਵਿਦਿਆਰਥੀ ਰਿਯੂਜ਼ੇਬਲ ਖਿਡੌਣੇ ਬੇਹੱਦ ਰਚਨਾਤਮਕ ਤਰੀਕੇ ਨਾਲ ਬਣਾ ਰਹੇ ਹਨ। ਇਹ ਵਿਦਿਆਰਥੀ ਪੁਰਾਣੇ ਕੱਪੜਿਆਂ, ਸੁੱਟੇ ਗਏ ਲੱਕੜੀ ਦੇ ਟੁਕੜਿਆਂ, ਬੈਗ ਅਤੇ ਬਾਕਸ ਨਾਲ ਖਿਡੌਣੇ ਬਣਾ ਰਹੇ ਹਨ। ਤਮਿਲ ਨਾਡੂ ਦੇ ਕੋਇੰਬਟੂਰ ਵਿੱਚ ਬੱਸ ਕੰਡਕਟਰ ਦਾ ਕੰਮ ਕਰਨ ਵਾਲੇ ਮਰਿਮੁਥੂ ਯੋਗਨਾਥਨ ਯਾਤਰੀਆਂ ਨੂੰ ਟਿਕਟ ਨਾਲ ਇੱਕ ਪੌਦਾ ਮੁਫ਼ਤ ਦਿੰਦੇ ਹਨ ਅਤੇ ਆਪਣੀ ਤਨਖਾਹ ਦਾ ਇੱਕ ਵੱਡਾ ਹਿੱਸਾ ਇਸ ਵਿੱਚ ਖਰਚ ਕਰਦੇ ਹਨ।

'ਮਨ ਕੀ ਬਾਤ' ਪੂਰੀ ਸੁਣਨ ਲਈ QR ਕੋਡ Scan ਕਰੋ।



**PMO India** @PMOIndia · 6d
मौतुवा शॉम्प्रोदाय के हमारे भाई-बहन श्री श्री हॉरिचान्द ठाकुर जी की जन्मजयंति के पुण्य अवसर पर हर साल 'बारोनी श्नान उत्शब' मनाते हैं।

भारत से बड़ी संख्या में श्रद्धालु इस उत्सव में शामिल होने के लिए, ओराकान्दी आते हैं: PM @narendramodi



**Rajnath Singh**
मेरे संसदीय क्षेत्र लखनऊ में ट्रैफिक जाम से मुक्ति हेतु पिछले कुछ वर्षों में कई फ़्लाइओवरों का निर्माण कार्य किया गया है। इसी क्रम में, आज एक और फ़्लाइओवर का लोकार्पण किया जाएगा और एक नए फ़्लाइओवर की आधारशिला भी रखी जाएगी। इन फ़्लाइओवरों के बन जाने से जनता के लिए आवागमन सुगम होगा।



**Amit Shah**
स्वतंत्रता के इतिहास में शहीद भगत सिंह, सुखदेव और राजगुरु की वीरता व योगदान को शब्दों में वर्णित करना सम्भव नहीं है। देश को गुलामी की बेड़ियों से मुक्त करने की उनकी तड़प और बलिदान को याद कर आज भी हर भारतवासी की आँखें नम हो जाती हैं।

ऐसे वीर बलिदानियों के चरणों में कोटिशः नमन।



**Nitin Gadkari**
2020-21 में भारत ने विश्व में सबसे तेज राजमार्गों का निर्माण किया है। भारत के इन्फ्रास्ट्रक्चर डेवलपमेंट को इस मुक़ाम तक पहुँचाने में अन्यान्य अधिकारियों और कर्मियों ने अपना सर्वज्ञ दिया है। उन सभी का अभिनंदन। #PragatiKaHighway



**Thawarchand Gehlot**
देश में सामाजिक समरसता स्थापित करने में अपनी अग्रणी भूमिका निभाते हुए सर्वस्व न्योछावर कर देने वाले और समाज की अंतिम पंक्ति में बैठे लोगों के कल्याण और न्याय की आवाज उठाने वाले महानायक भारत रत्न बाबा साहब डॉ. भीमराव अंबेडकर जी की जयंती 14 अप्रैल को राष्ट्रीय अवकाश घोषित किया है।



**Gajendra Singh Shekhawat**
जल जीवन मिशन ने स्थापित किया नया आयाम।
15 अगस्त, 2019 को मिशन की शुरुआत से अब तक 4.01 करोड़ से अधिक ग्रामीण घरों में पहुंचाया जा चुका है नल से शुद्ध जल।
कुल 7.24 करोड़ (37.78%) ग्रामीण परिवारों को मिल रहा नल से शुद्ध जल।
#HarGharJal
#JalJeevanMission

# ढाका से मोदी का संदेश, ये दोस्ती हम नहीं तोड़ेंगे...



# कृषि क्षेत्र में आधुनिकीकरण समय की जरूरत : मोदी



## सवाल था टीका कब आएगा, अब सबसे बड़ा अभियान भारत में: मोदी

पीएम ने कहा- 'दवाई भी, कड़ाई भी' यह मंत्र याद रखिए

## भारत ने फिजी को भेजी कोरोना वैक्सीन की एक लाख खुराकें

## कृषि क्षेत्र में फौरन सुधार की जरूरत : मोदी

## अहम रक्षा सौदों पर मुहर लगाएंगे भारत-अमेरिका

RNI No.
DELPUN/2020/78808
April: 16-30, 2021

NEW INDIA
SAMACHAR
FORTNIGHTLY

RNI Registered No DELPUN/2020/78808, Delhi
Postal License No DL (S)-1/3544/2020-22,
WPP No. U (S)-92/2020-22, Posting at BPC,
Meghdoot Bhawan, New Delhi-110001 on 13-17 advance Fortnightly
(Publishing Date April 05, 2021 Pages-44)

# ਬੀਜ ਤੋਂ ਬਜ਼ਾਰ ਤੱਕ ਦੀ ਵਿਕਾਸ ਯਾਤਰਾ

## ਪ੍ਰਧਾਨ ਮੰਤਰੀ ਨੇ ਦਿੱਤਾ ਨੈਨੀਤਾਲ ਦੇ ਕਿਸਾਨ ਖੀਮਾਨੰਦ ਦੇ ਪੱਤਰ ਦਾ ਜਵਾਬ

**ਪਿਆਰੇ ਖੀਮਾਨੰਦ ਜੀ**

ਖੇਤੀਬਾੜੀ ਸਮੇਤ ਵਿਭਿੰਨ ਖੇਤਰਾਂ ਵਿੱਚ ਸੁਧਾਰ ਅਤੇ ਦੇਸ਼ ਨੂੰ ਵਿਕਾਸ ਦੀਆਂ ਨਵੀਆਂ ਉਚਾਈਆਂ 'ਤੇ ਲੈ ਜਾਣ ਲਈ ਸਰਕਾਰ ਦੇ ਨਿਰੰਤਰ ਪ੍ਰਯਤਨਾਂ 'ਤੇ ਆਪਣੇ ਬਹੁਮੁੱਲੇ ਵਿਚਾਰ ਸਾਂਝੇ ਕਰਨ ਲਈ ਤੁਹਾਡਾ ਆਭਾਰ। ਕਿਸਾਨ ਹਿਤੈਸ਼ੀ ਫਸਲ ਬੀਮਾ ਯੋਜਨਾ ਦਾ ਲਾਭ ਅੱਜ ਕਰੋੜਾਂ ਕਿਸਾਨ ਲੈ ਰਹੇ ਹਨ। 'ਪਿਛਲੇ 5 ਵਰ੍ਹਿਆਂ ਵਿੱਚ ਵਿਆਪਕ ਕਵਰੇਜ ਅਤੇ ਪਾਰਦਰਸ਼ੀ ਦਾਅਵਾ ਨਿਸਤਾਰਣ ਪ੍ਰਕਿਰਿਆ ਜ਼ਰੀਏ ਇਹ ਯੋਜਨਾ ਕਿਸਾਨ ਕਲਿਆਣ ਨੂੰ ਸਮਰਪਿਤ ਸਾਡੇ ਯਤਨਾਂ ਅਤੇ ਪੱਕੇ ਇਰਾਦਿਆਂ ਦੀ ਇੱਕ ਮਿਸਾਲ ਬਣ ਕੇ ਉੱਭਰੀ ਹੈ। ਅੱਜ ਬੀਜ ਤੋਂ ਲੈ ਕੇ ਬਜ਼ਾਰ ਤੱਕ ਕਿਸਾਨਾਂ ਦੀਆਂ ਹਰ ਤਰ੍ਹਾਂ ਦੀਆਂ ਛੋਟੀਆਂ-ਵੱਡੀਆਂ ਦਿੱਕਤਾਂ ਨੂੰ ਦੂਰ ਕਰਨ ਅਤੇ ਅੰਨਦਾਤਾ ਦੀ ਸਮ੍ਰਿੱਧੀ ਅਤੇ ਖੇਤੀਬਾੜੀ ਦੀ ਪ੍ਰਗਤੀ ਸੁਨਿਸ਼ਚਿਤ ਕਰਨ ਦੇ ਲਈ ਨਿਰੰਤਰ ਪ੍ਰਯਤਨ ਕੀਤੇ ਜਾ ਰਹੇ ਹਨ। ਸਮੁੱਚੇ ਵਿਕਾਸ ਦੇ ਦ੍ਰਿਸ਼ਟੀਕੋਣ ਦੇ ਨਾਲ ਅੱਜ ਦੇਸ਼ ਇੱਕ ਸਸ਼ਕਤ, ਸਮ੍ਰਿੱਧ ਅਤੇ ਆਤਮਨਿਰਭਰ ਭਾਰਤ ਦੇ ਨਿਰਮਾਣ ਵੱਲ ਤੇਜ਼ੀ ਨਾਲ ਵਧ ਰਿਹਾ ਹੈ।



Punjabi

Editor:
Jaideep Bhatnagar
Principal Director General,
PIB, New Delhi

Published & Printed by:
Satyendra Prakash, Principal
Director General, BOC on behalf of
Bureau of Outreach and Communication

Published from Bureau of
Outreach and Communication,
2nd Floor, Soochna Bhawan,
New Delhi- 110003

Printed at VIBA Press (P) Ltd.
C-66/3, Okhla Industrial Area,
Phase-II, New Delhi 110020